# ਰੇਡੀਓ ਲੜੀਵਾਰ- ਟਿਕਾਊ ਵਿਕਾਸ - 'ਚਲਦੀ ਰਹੇ ਜ਼ਿੰਦਗੀ'

## ਕੜੀ-48, ਕੂੜਾ ਪ੍ਰਬੰਧਣ ਦਾ ਵਾਤਾਵਰਨੀ ਅਨਕੂਲ ਤਰੀਕਾ

## Disposing Waste: The Environmental Style


ਲੇਖਣ ਤੇ ਖੋਜ : ਡਾ. ਮਾਨਸ ਪ੍ਰੀਤਮ ਦਾਸ

ਲੜੀਵਾਰ ਸੰਯੋਜਕ : ਡਾ. ਬੀ ਕੇ ਤਿਆਗੀ

ਪੰਜਾਬੀ ਰੁਪਾਂਤਰਨ ਤੇ ਖੋਜ: ਭਾਰਤ ਗਿਆਨ ਵਿਗਿਆਨ ਸੰਮਤੀ ਪੰਜਾਬ ਤੇ ਚੰਡੀਗੜ੍ਹ



( This episode brings into focus the pressures on the society due to increased generation of garbage. It starts with a scene where the traffic is held up due to agitation by the villagers against the starting of a new landfill in their area. The episode proceeds to discuss sustainable methods of waste disposal. It insists on the need to reduce the garbage and to adopt the reuse habit .)

(ਇਸ ਕੜੀ ਵਿੱਚ ਸਮਾਜ ਦੇ ਉਤੇ ਪੈ ਰਿਹਾ ਉਹ ਦਬਾਅ ਕੇਂਦ੍ਰਿਤ ਕੀਤਾ ਹੈ ਜਿਹੜਾ ਨਿੱਤ ਦਿਨ ਪੈਦਾ ਹੋ ਰਹੇ ਕੂੜੇ ਦੀ ਵੱਧਦੀ ਮਾਤਰਾ ਕਾਰਨ ਬਣ ਰਿਹਾ ਹੈ ।ਸਮਾਜ ਉੱਤੇ ਕੂੜਾ ਪ੍ਰਬੰਧਣ ਦੇ ਵਧਦੇ ਦਬਾਅ ਨੂੰ ਅਤੇ ਉਸ ਕੂੜੇ ਦੇ ਪਰਿਆਵਰਣੀ ਮਿੱਤਰ ਨਿਪਟਾਰਾ ਵਿਧੀ ਨੂੰ ਦਰਸਾਉਂਦੀ ਇਸ ਕੜੀ ਦੀ ਸ਼ੁਰੂਆਤ ਹੁੰਦੀ ਹੈ... ਅਵਾਜਾਈ ਦੇ ਰੁਕਣ ਦੇ ਇੱਕ ਦ੍ਰਿਸ਼ ਦੇ ਨਾਲ ਜਿਸ ਦਾ ਕਾਰਨ ਹੈ ਪੇਂਡੂ ਇਲਾਕੇ ਵਿੱਚ ਕੂੜਾ ਦਬਾਉਣ ਦੀ ਨਵੀਂ ਜਗ੍ਹਾ ਤਿਆਰ ਕਰਨ ਦੇ ਵਿਰੋਧ ਵਿੱਚ, ਪਿੰਡਾਂ ਦੇ ਲੋਕਾਂ ਵੱਲੋਂ ਹੋ ਰਿਹਾ ਪ੍ਰਦਰਸ਼ਨ... ਇਸ ਦੇ ਬਾਅਦ ਕਹਾਣੀ ਅੱਗੇ ਵਧਦੀ ਹੈ ਅਤੇ ਗੱਲਾਂ ਹੀ ਗੱਲਾਂ ਵਿਚ ਕੂੜੇ ਦੇ ਨਿਪਟਾਰੇ ਦੇ ਸਥਾਈ ਤਰੀਕੇ 'ਤੇ ਚਰਚਾ ਕੀਤੀ ਗਈ ਹੈ... ਪੂਰੀ ਕੜੀ ਵਿਚ ਕੂੜਾ ਘੱਟ ਕਰਨ ਦੀ ਲੋੜ ਉਤੇ ਅਤੇ ਉਸ ਨੂੰ ਦੁਬਾਰਾ ਵਰਤੋਂ ਲਾਇਕ ਬਣਾਉਣ ਦੀ ਆਦਤ ਸਿਰਜਨ ਉੱਤੇ ਜ਼ੋਰ ਦਿੱਤਾ ਗਿਆ ਹੈ !)


ਪਾਤਰ

1. ਇਸਤਰੀ ਸੂਤਰਧਾਰ
2. ਪੁਰਸ਼ ਸੂਤਰਧਾਰ
3. ਡਰਾਇਵਰ1/ ਡਰਾਇਵਰ2/ ਡਰਾਇਵਰ3/ ਯਾਤਰੀ1/ ਯਾਤਰੀ2/ ਯਾਤਰੀ3/ ਪੁਲਿਸ
4. ਤਰੁਣ/ ਹਰਜੀਤ/ ਸ਼ਾਂਤਾ: (ਵਿਰੋਧ ਪ੍ਰਦਰਸ਼ਨ ਕਰ ਰਹੇ ਪਿੰਡਾਂ ਦੇ ਲੋਕ)
5. ਰਾਕੇਸ਼: (ਪਿੰਡ ਦਾ ਸਕੂਲ ਅਧਿਆਪਕ)
6. ਫਾਰੁਖ/ ਨਾਜਰ: (ਸੈਮੀਨਾਰ ਵਿਚ ਹਿੱਸਾ ਲੈਣ ਵਾਲੇ ਵਿਗਿਆਨੀ)
7. ਮਨਮੀਤ: (ਸੈਮੀਨਾਰ ਵਿਚ ਹਿੱਸਾ ਲੈਣ ਵਾਲੀ ਵਿਦਿਆਰਥਣ)

ਲੜੀਵਾਰ ਦੇ ਸੰਗੀਤ ਦੀ ਧੁਨ...............................ਮੱਧਮ ਪੈ ਕੇ ਅਲੋਪ ਹੋ ਜਾਂਦੀ ਹੈ

<u>ਸ਼ੁਰੂਆਤੀ ਐਲਾਨ</u>

(ਸਿਰਲੇਖ ਗੀਤ ਦਾ ਸੰਗੀਤ-ਟ੍ਰੈਕ ਸੁਣ ਰਿਹਾ ਹੈ )

ਟਿਕਾਊ ਵਿਕਾਸ - ਚਲਦੀ ਰਹੇ ਇਹ ਜਿੰਦਗੀ......

(ਸੰਗੀਤ...)

**ਐਲਾਨ:** ਇਹ ਆਲ ਇੰਡੀਆ ਰੇਡਿਓ ਹੈ। ਵਿਗਿਆਨ ਲੜੀਵਾਰ "ਟਿਕਾਊ ਵਿਕਾਸ - ਚਲਦੀ ਰਹੇ ਇਹ ਜਿੰਦਗੀ" ਦੀਆਂ ਸੰਤਾਲੀ ਕੜੀਆਂ ਰਾਹੀਂ ਅਸੀਂ ਕੀਤੀ ਹੈ ਗੱਲ ਸਾਡੇ ਕੁਦਰਤ ਵਿਰੋਧੀ ਖਪਤਵਾਦ ਨਾਲ ਲੱਦੇ ਵਿਕਾਸ ਮਾਡਲ ਦੀ ਜਿਸਨੇ ਬਦਲ ਦਿੱਤੀ ਹੈ ਸਾਡੀ ਤਰਜੇ ਜਿੰਦਗੀ ! ਬਣਾ ਦਿੱਤਾ ਹੈ ਸਾਨੂੰ ਖਪਤਵਾਦ ਦਾ ਗੁਲਾਮ ! ਗੱਲ ਕੀਤੀ ਹੈ ਇਸ ਖਪਤਵਾਦ ਦੇ ਕਾਰਨ ਨਿੱਕਲ ਰਹੇ ਸਿੱਟਿਆਂ ਦੀ, ਖਤਰਿਆਂ ਦੀ, ਜੋ ਦਰਪੇਸ਼ ਨੇ ਸਾਡੇ ਇਸ ਧਰਤ ਗ੍ਰਹਿ ਨੂੰ, ਇਥੋਂ ਦੇ ਸਮੁੰਦਰਾਂ, ਪਹਾੜਾਂ, ਜੰਗਲ ਬੇਲਿਆਂ, ਜੰਗਲੀ ਜਾਨਵਰਾਂ, ਪਸ਼ੂ-ਪੰਛੀਆਂ ਤੇ ਦਰਿਆਵਾਂ ਨੂੰ ਅਤੇ ਮਨੁਖਤਾ ਨੂੰ ! ਅੱਜ ਦੀ ਕੜੀ **"ਕੂੜਾ ਪ੍ਰਬੰਧਣ ਦਾ ਵਾਤਾਵਰਨੀ ਅਨਕੂਲ ਤਰੀਕਾ"** ਵਿੱਚ ਹੈ ਪੇਸ਼ਕਾਰੀ ਸਾਡੇ ਮਹਾਨਗਰਾਂ ਦੇ ਵੱਧਦੇ ਕੂੜੇ ਦੀ ਸਮੱਸਿਆ , ਇਸਨੂੰ ਦਬਾਉਣ ਵਾਸਤੇ ਆਲੇ ਦੁਆਲੇ ਦੇ ਪਿੰਡਾਂ ਦੀ ਧਰਤੀ ਦੀ ਚੋਣ, ਇਸਦਾ ਵਿਰੋਧ, ਕੂੜਾ ਘਟਾਉਣ ਦੀ ਲੋੜ , ਵਰਤੀਆਂ ਵਸਤਾਂ ਨੂੰ ਮੁੜ ਵਰਤਨ ਦੀ ਆਦਤ ਵਿਕਸਤ ਕਰਨਾ !

**ਸੰਗੀਤ (ਸਿਰਲੇਖ ਗੀਤ ਦਾ ਸੰਗੀਤ ਟ੍ਰੈਕ ਮੁੜ ਸੁਣਾਇਆ ਜਾਵੇਗਾ)**

**ਔਰਤ ਸੂਤਰਧਾਰ:** ਵਿਗਿਆਨ ਲੜੀਵਾਰ "ਚਲਦੀ ਰਹੇ ਇਹ ਜਿੰਦਗੀ" ਦੀ 48ਵੀਂ ਕੜੀ ਵਿੱਚ ਸੁਆਗਤ ਹੈ ਸਾਰੇ ਸ੍ਰੋਤਿਆਂ ਦਾ! ਸੱਭ ਨੂੰ ਸ਼ੁੱਭ ਸਵੇਰ!

**ਮਰਦ ਸੂਤਰਧਾਰ:** ਪਿਛਲੀ ਕੜੀ **"ਮਹਾਨਗਰਾਂ ਵਿੱਚ ਆਵਾਜਾਈ ਦੇ ਪ੍ਰਬੰਧ ਵਿੱਚ ਸੁਧਾਰ"** ਵਿੱਚ ਕਹਾਣੀ ਸੀ ਕਿ ਮਹਾਨਗਰਾਂ ਵਿੱਚ ਸ਼ਹਿਰ ਦੇ ਅੰਦਰ ਦੀ ਆਵਾਜਾਈ ਦਾ ਸੁਚਾਰੂ ਪ੍ਰਬੰਧ ਕਿਵੇਂ ਹੋਵੇ ?

**ਔਰਤ ਸੂਤਰਧਾਰ:**ਸੁਣਿਆ ਸੀ ਕਿ ਕਿਵੇਂ ਸਾਨੂੰ ਹੁਣ ਇਨ੍ਹਾਂ ਮਹਾਨਗਰਾਂ ਵਿੱਚ ਵਧਦੇ ਵਾਹਣਾ ਕਾਰਨ ਘੰਟਿਆਂ ਬੱਧੀ ਜਾਮ ਵਿੱਚ ਫਸੇ ਰਹਿਣਾ ਪੈਂਦਾ ਹੈ !

**ਮਰਦ ਸੂਤਰਧਾਰ:** ਹਾਂ ਜੀ ਚਰਚਾ ਸੀ ਕਿ ਕਿਵੇਂ ਸਮੇ ਦੀ ਬਰਬਾਦੀ ਤੇ ਕੰਮ ਤੋਂ ਲੇਟ ਹੋ ਜਾਣ ਦੀ ਚਿੰਤਾ ਸਾਨੂੰ ਸਤਾਉਂਦੀ ਰਹਿੰਦੀ ਹੈ !

**ਔਰਤ ਸੂਤਰਧਾਰ:** ਸੁਣਾਇਆ ਸੀ ਕਿਸਾ ਕਿ ਕਿਵੇਂ ਵਾਹਣਾਂ ਵਾਲੇ ਇੱਕ ਦੂਜੇ ਤੋਂ ਅੱਗੇ ਜਾਣ ਦੀ ਕੋਸ਼ਿਸ਼ ਵਿੱਚ ਫਸਾ ਦਿੰਦੇ ਹਨ ਗੱਡੀਆਂ ! ਦੋ ਪਹੀਆ ਵਾਹਣ ਚਾਲਕ ਵੀ ਵਿੱਚ ਵਿਚਾਲੇ ਦੀ ਵਿੰਗ ਟੇਢ ਪਾ ਕੇ ਕੋਸ਼ਿਸ਼ ਕਰਦੇ ਨੇ ਜਲਦੀ ਜਾਣ ਦੀ !

**ਮਰਦ ਸੂਤਰਧਾਰ:** ਸੁਣਾਈ ਸੀ ਕਹਾਣੀ ਕਿ ਕਿਵੇਂ ਦੋ ਪਹੀਆਂ ਵਾਹਣਾਂ ਦੇ ਜਾਨ ਲੇਵਾ ਹਾਦਸੇ ਵਧਦੇ ਜਾ ਰਹੇ ਹਨ ਇਸ ਟਰੈਫਿਕ ਦੇ ਭੀੜ ਭੜੱਕੇ ਤੇ ਜਾਮ ਵਿੱਚ!

**ਔਰਤ ਸੂਤਰਧਾਰ:** ਹਾਂ ਹੋਈ ਸੀ ਗੱਲ ਕਿ ਵਿਅਕਤੀਗਤ ਕੋਸ਼ਿਸ਼ਾਂ ਵੀ ਕਰ ਸਕਦੀਆਂ ਨੇ ਕੁੱਝ ਨਾ ਕੁੱਝ ਬਚਾਅ !

**ਮਰਦ ਸੂਤਰਧਾਰ:** ਸੁਣਿਆ ਸੀ ਸੱਚ ਅਸਲ ਹੱਲ ਹੈ ਸਮਾਜਕ ਅਤੇ ਪ੍ਰਸ਼ਾਸ਼ਨਿਕ ਪੱਧਰ ਤੇ ਸਮੂਹਿਕ ਕੋਸ਼ਿਸ਼ਾਂ ਰਾਹੀਂ ਸਮੁਚੀ ਆਵਾਜਾਈ ਦੇ ਸਹੀ ਪ੍ਰਬੰਧ ਦੇ ਵਿੱਚ ਹੀ !

**ਔਰਤ ਸੂਤਰਧਾਰ:** ਸੁਣਾਈ ਸੀ ਗਾਥਾ ਕਿ ਕਿਵੇਂ ਬਚਦਿਆਂ ਨੇ ਕੀਮਤੀ ਜਾਨਾਂ , ਸਮਾ ਤੇ ਊਰਜਾ ਸਮੁਚੇ ਪ੍ਰਬੰਧਾ ਦੇ ਸਦਕਾ !

**ਮਰਦ ਸੂਤਰਧਾਰ:** ਹਾਂ ! ਸੁਣਾਇਆ ਸੀ ਇਹ ਵੀ ਕਿ ਕਿਵੇਂ ਜਿਆਦਾ ਸਸਤਾ , ਜਲਦੀ ਤਿਆਰ ਹੋਣ ਵਾਲਾ , ਜਿਆਦਾ ਕਾਰਗਾਰ ਹੈ ਬੀ ਆਰ ਟੀ ਪ੍ਰਬੰਧ ਯਾਣੀ ਕਿ ਬਸ ਤੇਜ ਲਾਂਘਾ ਪ੍ਰਣਾਲੀ ਨੂੰ ਵਿਕਸਤ ਕਰਨਾ ।

**ਔਰਤ ਸੂਤਰਧਾਰ:** ਸੁਣਾਈ ਸੀ ਗਾਥਾ ਕਿ ਬੀ ਆਰ ਟੀ ਪ੍ਰਣਾਲੀ ਵਿਕਸਿਤ ਕਰਨ ਦੇ ਬਜਾਏ ਕਿਵੇਂ ਅਸੀਂ ਤਰਜੀਹਾਂ ਦੇ ਰਹੇ ਹਾਂ ਬਹੁਤ ਹੀ ਮਹਿੰਗੀ ਉਚ ਪੂੰਜੀ ਨਿਵੇਸ਼ ਵਾਲੀ ਮੈਟਰੋ ਰੇਲ ਪ੍ਰਣਾਲੀ ਨੂੰ !

**ਮਰਦ ਸੂਤਰਧਾਰ:** ਗੱਲ ਹੋਈ ਸੀ ਕਿ ਮਹਾਂਨਗਰਾਂ ਦੀ ਆਧੁਨਿਕ ਆਵਾਜਾਈ ਸਮੱਸਿਆ ਦੇ ਹੱਲ ਵਾਸਤੇ ਬੀ ਆਰ ਟੀ ਹੈ ਕਾਰਗਾਰ ਪਰ ਫਿਰ ਵੀ ਮੈਟਰੋ ਕਿਉਂ ?

**ਔਰਤ ਸੂਤਰਧਾਰ:** ਅੱਜ ਦੀ ਇਸ ਅਠਤਾਲੀਵੀਂ ਕੜੀ **"ਕੂੜਾ ਪ੍ਰਬੰਧਣ ਦਾ ਵਾਤਾਵਰਨੀ ਅਨਕੂਲ ਤਰੀਕਾ"** ਵਿੱਚ ਪੇਸ਼ ਕੀਤੀ ਜਾਵੇਗੀ ਕਹਾਣੀ ਵੱਧ ਰਹੇ ਕੂੜੇ ਦੀ ਸਮੱਸਿਆ ਦੀ,ਇਸਦੇ ਨਿਪਟਾਰੇ ਦੇ ਪਰਿਆਵਰਣੀ ਮਿੱਤਰ ਵਿਕਲਪਾਂ ਦੀ!

**ਮਰਦ ਸੂਤਰਧਾਰ:**ਅੱਜ ਸੁਣਾਵਾਂਗੇ ਬ੍ਰਿਤਾਂਤ, ਕੂੜਾ ਘਟਾਉਣ ਦੀ ਲੋੜ ਦਾ ਤੇ ਫੋਕਟ ਨੂੰ ਸੁਟਣ ਦੀ ਥਾਂ ਮੁੜ ਵਰਤੋਂ ਦੀ ਆਦਤ ਪਾਉਣ ਦੇ ਮਹੱਤਵ ਦਾ ! ਲਓ ਸੁਣੋ ਇਹ ਕਹਾਣੀ, ਸਾਡੇ ਇਨ੍ਹਾਂ ਕਲਾਕਾਰਾਂ ਦੀ ਜ਼ੁਬਾਨੀ !

**(ਸਿਰਲੇਖ ਗੀਤ ਦਾ ਸੰਗੀਤ ਟ੍ਰੈਕ ਮੱਧਮ ਪੈਂਦਾ ਹੈ)**

**-------ਦ੍ਰਿਸ਼ ਪਰਿਵਰਤਨ ਸੰਗੀਤ--------**

**ਦ੍ਰਿਸ਼ ਪਹਿਲਾ**

**(ਗੱਡੀਆਂ ਦੀ ਲੰਮੀ ਲਾਈਨ, ਇਕ ਵੀ ਗੱਡੀ ਅੱਗੇ ਨਹੀਂ ਲੰਘ ਸਕਦੀ.. ਗੱਡੀਆਂ ਦੇ ਹਾਰਨ ਦਾ ਸ਼ੋਰ ਅਤੇ ਡਰਾਇਵਰ ਜ਼ੋਰ-ਜ਼ੋਰ ਚੀਕਦੇ ਹੋਏ.. ਅਭੱਦਰ ਭਾਸ਼ਾ ਦੀ ਵਰਤੋਂ ਕਰਦੇ ਹੋਏ)**

**ਡਰਾਇਵਰ** 1: ਕੀ ਹੋ ਰਿਹਾ ਇਹ? ਟਰੈਫਿਕ ਕਿਉਂ ਰੋਕਿਆ ਹੈ?ਕਦੋਂ ਤੱਕ ਖੜ੍ਹੇ ਰਹਾਂਗੇ ਇਸੇ ਤਰ੍ਹਾਂ ਇੰਤਜਾਰ ਵਿੱਚ ?

**ਡਰਾਇਵਰ** 2: ਕੌਣ ਹੈ ਜ਼ਿੰਮੇਵਾਰ ਇਸ ਜਾਮ ਦਾ?

**ਡਰਾਇਵਰ** 3: ਉਸ ਨੂੰ ਸੜਕ ਤੋਂ ਪਾਸੇ ਕਿਉਂ ਨਹੀਂ ਸੁੱਟ ਦਿੰਦੇ... ਜਿਸਨੇ ਲਗਾਇਆ ਹੈ ਇਹ ਜਾਮ !

(ਯਾਤਰੀ ਹੌਲੀ ਆਵਾਜ਼ ਵਿਚ ਗੱਲਬਾਤ ਕਰ ਰਹੇ ਹਨ)

**ਯਾਤਰੀ** 1: ਪਤਾ ਨਹੀਂ ਕਦੋਂ ਘਰ ਜਾ ਸਕਾਂਗਾ। ਸਾਰਾ ਪਰਿਵਾਰ ਮੇਰੀ ਉਡੀਕ ਕਰ ਰਿਹਾ ਹੈ। ਜਦੋਂ ਤੱਕ ਮੈਂ ਨਹੀਂ ਪਹੁੰਚਾਂਗਾ, ਕਾਰਜ ਸ਼ੁਰੂ ਨਹੀਂ ਹੋਵੇਗਾ !

**ਯਾਤਰੀ** 2: ਮੇਰੀ ਮਾਂ ਬਹੁਤ ਬਿਮਾਰ ਏ । ਮੈਂ ਬਸ! ਉਨ੍ਹਾਂ ਨੂੰ ਹੀ ਮਿਲਣ ਜਾ ਰਿਹਾ ਹਾਂ.. ਉਨ੍ਹਾਂ ਨੂੰ ਹਸਪਤਾਲ ਵਿਚ ਭਰਤੀ ਕਰਵਾਉਣਾ ਏ ਪਰ, ਇੱਥੇ ਤਾਂ.. ਬੁਰਾ ਹਾਲ.. ਪਤਾ ਨਹੀਂ ਅੱਗੇ ਕਦੋਂ ਜਾਵੇਗੀ ਗੱਡੀ?

**(ਲਾਉਡਸਪੀਕਰ 'ਤੇ ਪੁਲਿਸ ਵੱਲੋਂ ਐਲਾਨ )**

**ਪੁਲਿਸ:** ਇੱਥੇ ਦੇ ਲੋਕ ਸੜਕ ‘ਤੇ ਵਿਰੋਧ ਪ੍ਰਦਰਸ਼ਨ ਕਰ ਰਹੇ ਹਨ..।ਅਸੀਂ ਲਗਾਤਾਰ ਉਨ੍ਹਾਂ ਨਾਲ ਗੱਲਬਾਤ ਕਰ ਰਹੇ ਹਾਂ.. ਸਾਡੀ ਕੋਸ਼ਿਸ਼ ਹੈ ਕਿ ਉਹ ਸਾਡੀ ਗੱਲ ਮੰਨ ਲੈਣ ਅਤੇ ਰਸਤਾ ਰੋਕੋ ਅੰਦੋਲਣ ਬੰਦ ਕਰ ਦੇਣ ਪਰ ਅਜੇ ਉਨ੍ਹਾਂ ਨੇ ਸਾਡੀ ਗੱਲ ਮੰਨਣ ਤੋਂ ਨਾਂਹ ਕਰ ਦਿੱਤੀ ਹੈ। ਅਸੀਂ ਕੋਈ ਸਮਾਂ ਸੀਮਾ ਤਾਂ ਨਹੀਂ ਦੱਸ ਸਕਦੇ ਕਿ ਇਹ ਪ੍ਰਦਰਸ਼ਨ ਕਦੋਂ ਤੱਕ ਖ਼ਤਮ ਹੋਵੇਗਾ.. ਪਰ, ਤੁਸੀਂ ਕ੍ਰਿਪਾ ਕਰਕੇ ਹੌਸਲਾ ਰੱਖੋ।

**(ਯਾਤਰੀ ਫਿਰ ਹੌਲੀ ਆਵਾਜ਼ ਵਿਚ ਗੱਲਬਾਤ ਕਰਨ ਲੱਗਦੇ ਹਨ)**

**ਯਾਤਰੀ** 3: ਮੇਰੇ ਦੋਸਤ ਨੇ ਮੈਨੂੰ ਫੋਨ ‘ਤੇ ਦੱਸਿਆ ਕਿ ਇਨ੍ਹਾਂ ਲੋਕਾਂ ਨੇ ਰੇਲ ਆਵਾਜਾਈ ਵੀ ਰੋਕੀ ਹੈ !

**ਯਾਤਰੀ** 2: ਕਿੰਨੀ ਹੈਰਾਨੀ ਵਾਲੀ ਗੱਲ ਹੈ.. ਪਤਾ ਨਹੀਂ ਕੀ ਕਾਰਨ ਏ ਜਿਸ ਕਰਕੇ ਇਨ੍ਹਾਂ ਨੇ ਆਮ ਲੋਕਾਂ ਦਾ ਜਿਉਣਾ ਹਰਾਮ ਕਰ ਦਿੱਤਾ...ਪੁਲਸ ਤੇ ਪ੍ਰਸ਼ਾਸ਼ਣ ਹੀ ਜਾਣੇ ਕੀ ਹੋਇਆ ?

**ਯਾਤਰੀ** 3: ਮੇਰੇ ਦੋਸਤ ਨੇ ਮੈਨੂੰ ਦੱਸਿਆ ਹੈ ਕਿ ਪ੍ਰਸ਼ਾਸ਼ਨ ਨੇ ਇੱਥੇ ਪਹਿਲਾਂ ਹੀ ਇੱਕ ਵਿਸ਼ਾਲ ਕੂੜਾ ਸਥਾਨ ਬਣਾ ਰੱਖਿਆ ਹੈ...... ਉਹ ਇੱਥੋਂ ਕੋਈ ਇਕ ਕਿਲੋਮੀਟਰ ਦੂਰ ਹੋਵੇਗਾ। ਸਥਾਨਕ ਪ੍ਰਸ਼ਾਸ਼ਨ ਨੇ ਉਸ ਦੇ ਨਾਲ ਹੀ ਇਕ ਹੋਰ ਵੱਡਾ ਕੂੜਾ ਸਥਾਨ ਬਣਾਉਣ ਦਾ ਫੈਸਲਾ ਕੀਤਾ ਹੈ ! ਇਲਾਕੇ ਦੇ ਲੋਕ ਇਸ ਫੈਸਲੇ ਦਾ ਵਿਰੋਧ ਕਰ ਰਹੇ ਹਨ।

**ਬੱਚਾ (ਯਾਤਰੀ 2 ਨਾਲ):** ਇਹ ਕੂੜਾ ਸਥਾਨ ਕੀ ਹੁੰਦਾ ਹੈ ਪਾਪਾ?

**ਯਾਤਰੀ** 2 (ਸਵਾਲ ਵੱਲ ਧਿਆਨ ਨਾ ਦਿੰਦੇ ਹੋਏ): ਪਰ ਅਸੀਂ ਇਸ ਦੇ ਸ਼ਿਕਾਰ ਕਿਉਂ ਬਣੇ?

**ਬੱਚਾ (ਸਵਾਲ ਨੂੰ ਦੁਬਾਰਾ ਬੋਲਦੇ ਹੋਏ):** ਕੂੜਾ ਸਥਾਨ ਕੀ ਹੁੰਦਾ ਹੈ ਪਾਪਾ? ਦੱਸੋ।

**ਯਾਤਰੀ** 2: ਬੇਟਾ! ਕੂੜਾ ਸਥਾਨ ਉਹ ਥਾਂ ਹੁੰਦੀ ਹੈ ਜਿੱਥੇ ਕੂੜਾ ਸੁੱਟਿਆ ਜਾਂਦਾ ਹੈ। ਅਲੱਗ-ਅਲੱਗ ਥਾਵਾਂ ਤੋਂ ਕੂੜਾ ਇਕੱਠਾ ਕੀਤਾ ਜਾਂਦਾ ਹੈ ਅਤੇ ਸਾਰਾ ਕੂੜਾ ਇੱਥੇ ਹੀ ਸੁੱਟਿਆ ਜਾਂਦਾ ਹੈ ।

**ਬੱਚਾ:** ਕੂੜਾ ਕੀ ਹੁੰਦਾ ਹੈ ਪਾਪਾ ?

**ਯਾਤਰੀ** 2: ਹਾਏ!.. ਹੁਣ ਆਪਣੇ ਸਵਾਲਾਂ ਦੀ ਗੱਠੜੀ ਨੂੰ ਬੰਦ ਕਰੋ।ਤੁਸੀਂ ਗੱਡੀ ਵਿਚੋਂ ਬਾਹਰ ਕਿਉਂ ਆਏ...? ਵਾਪਿਸ ਜਾਉ.. ਗੱਡੀ ਵਿਚ ਬੈਠੋ ।

**ਯਾਤਰੀ** 3: ਕਿਉਂ ਝਿੜਕ ਰਹੇ ਓ.. ਬੱਚਾ ਹੈ, ਸਵਾਲ ਤਾਂ ਪੁੱਛੇਗਾ ਹੀ ! ਚਲੋ ਮੈਂ ਦਿੰਦਾ ਹਾਂ ਜਵਾਬ ! ਬੱਚੇ... ਉਹ ਚੀਜ਼ਾਂ ਜਿਹੜੀਆਂ ਸਾਡੇ ਕੰਮ ਦੀਆਂ ਨਹੀਂ ਹੁੰਦੀਆਂ.. ਜਿਨ੍ਹਾਂ ਨੂੰ ਅਸੀਂ ਸੁੱਟ ਦਿੰਦੇ ਹਾਂ.. ਜਿਵੇਂ ਕਿ ਖਾਲੀ ਬੋਤਲਾਂ, ਪਲਾਸਟਿਕ, ਲਿਫਾਫੇ , ਟੁੱਟਿਆ ਭੱਜਿਆ ਸਮਾਨ , ਲੀਰਾਂ , ਸਬਜੀਆਂ ਦੇ ਛਿਲਕੇ.. ਤੇ ਹੋਰ ਅਜਿਹੀਆਂ ਚੀਜ਼ਾਂ...!

**ਬੱਚਾ:** ਮੈਂ ਕੱਲ੍ਹ ਹੀ ਆਪਣੀ ਟੁੱਟੀ ਹੋਈ ਟ੍ਰੇਨ ਸੁੱਟ ਦਿੱਤੀ... ਤਾਂ ਕੀ ਉਹ ਵੀ ਕੂੜਾ ਸੀ?

**ਯਾਤਰੀ** 3: ਹਾਂ, ਬੇਟਾ ਬਿਲਕੁਲ.. ਹੁਣ ਚੱਲੋ ਗੱਡੀ ਵਿਚ ਜਾ ਕੇ ਬੈਠੋ... ਤੁਹਾਡੀ ਮੰਮੀ ਚਿੰਤਾ ਕਰ ਰਹੀ ਹੋਵੇਗੀ... ਚਲੋ ਜਾਉ...!

**(ਮਾਇਕ ‘ਤੇ ਪੁਲਿਸ ਮੁੜ ਸੂਚਨਾ ਦਿੰਦੀ ਹੈ)**

**ਪੁਲਿਸ :** ਸੜਕ ਖੋਲ੍ਹ ਦਿੱਤੀ ਗਈ ਹੈ... ਪਰ ਸਾਨੂੰ ਆਵਾਜਾਈ ਨੂੰ ਪੂਰੀ ਤਰ੍ਹਾਂ ਖੋਲ੍ਹਣ ਵਿਚ ਸਮਾਂ ਲੱਗੇਗਾ... ਅਸੀਂ ਸਥਿਤੀ ਨੂੰ ਪੂਰੀ ਤਰ੍ਹਾਂ ਠੀਕ ਕਰਨ ਵਿਚ ਲੱਗੇ ਹੋਏ ਹਾਂ.. ਤੁਸੀਂ ਹੌਲੀ-ਹੌਲੀ ਅੱਗੇ ਵਧੋ...ਅਤੇ ਹਾਂ ਓਵਰਟੇਕ ਕਰਨ ਦੀ ਕੋਸ਼ਿਸ਼ ਨਹੀਂ ਕਰਨੀ.. ਹਾਲਾਤ ਸੁਧਾਰਨ ਵਿਚ ਸਾਡੀ ਮੱਦਦ ਕਰੋ।

**(ਸਾਰੇ ਯਾਤਰੀ ਰਾਹਤ ਮਹਿਸੂਸ ਕਰਦੇ ਹਨ ਅਤੇ ਸਥਿਤੀ ਸੁਧਰਨ 'ਤੇ ਖੁਸ਼ ਹੁੰਦੇ ਹਨ)**

**ਯਾਤਰੀ 1:** ਹੁਣ ਸਾਹ ਵਿਚ ਸਾਹ ਆਇਆ.. ਚਲੋ ਹੁਣ ਛੇਤੀ ਨਿਕਲਦੇ ਹਾਂ.. ਕੀ ਪਤਾ ਕਦੋਂ ਹਾਲਾਤ ਵਿਗੜ ਜਾਣ..

**ਯਾਤਰੀ 3:** ਬਿਲਕੁਲ ਠੀਕ.. ਚਲੋ ਛੇਤੀ ਚੱਲਦੇ ਹਾਂ...!

**(ਗੱਡੀਆਂ ਹੌਲੀ-ਹੌਲੀ ਅੱਗੇ ਵੱਧਦੀਆਂ ਹਨ...ਅਤੇ ਜਾਮ ਘੱਟ ਹੁੰਦਾ ਜਾਂਦਾ ਹੈ)**

-------ਦ੍ਰਿਸ਼ ਪਰਿਵਰਤਨ ਸੰਗੀਤ--------

**ਦ੍ਰਿਸ਼ ਦੂਜਾ**

**(ਰਾਤ ਦਾ ਸਮਾਂ.. ਕੁਝ ਲੋਕ ਇਕੱਠੇ ਹੋ ਕੇ ਗੱਲ ਕਰ ਰਹੇ ਹਨ)**

**ਤਰੁਣਾ:** ਅੱਜ ਦਾ ਬੰਦ ਤਾਂ ਬਹੁਤ ਸਫ਼ਲ ਰਿਹਾ.. ਪਰ ਕੀ ਇਸ ਨਾਲ ਕੱਲ੍ਹ ਕੁਝ ਬਦਲੇਗਾ ?

**ਸ਼ਾਂਤਾ:** ਹਾਂ.. ਮੇਰਾ ਵੀ ਇਹੀ ਸਵਾਲ ਹੈ। ਕੀ ਅਧਿਕਾਰੀ ਸਾਡੀ ਗੱਲ ਸੁਣਨਗੇ ? ਕੀ ਉਹ ਸਾਡੇ ਇਥੇ ਇਕ ਹੋਰ ਕੂੜਾ ਸਥਾਨ ਬਣਾਉਣ ਦਾ ਇਰਾਦਾ ਬਦਲਣਗੇ ?

**ਹਰਜੀਤ:** ਤੁਹਾਨੂੰ ਕੀ ਲੱਗਦਾ ਹੈ ਸਰ? ਅਸੀਂ ਕੁਝ ਗ਼ਲਤ ਤਾਂ ਨਹੀਂ ਕਰ ਰਹੇ? ਕੀ ਸਾਨੂੰ ਅਜਿਹੀ ਇਕ ਹੋਰ ਕੋਸ਼ਿਸ਼ ਕਰਨੀ ਚਾਹੀਦੀ ਹੈ?

**ਸ਼ਾਂਤਾ:** ਕੀ ਇਹ ਕਾਨੂੰਨੀ ਤੌਰ 'ਤੇ ਠੀਕ ਹੋਵੇਗਾ?

**ਰਾਕੇਸ਼:** ਮੈਂ ਤੁਹਾਡੀ ਚਿੰਤਾ ਸਮਝ ਸਕਦਾ ਹਾਂ। ਅਸੀਂ ਸਿਰਫ਼ ਨਿੱਜੀ ਸੁਆਰਥ ਦੇ ਲਈ ਇਹ ਅੰਦੋਲਨ ਨਹੀਂ ਕਰ ਰਹੇ। ਕੂੜਾ ਪ੍ਰਬੰਧਣ ਦਾ ਮੁੱਦਾ ਸਾਡੀ ਸਿਹਤ ਅਤੇ ਸਾਡੇ ਜੀਵਨ ਨਾਲ ਜੁੜਿਆ ਏ।

**ਹਰਜੀਤ:** ਸਾਡੀ ਤਨਖ਼ਾਹ... ਸਾਡੇ ਰੋਜ਼ਗਾਰ ਨਾਲ ਵੀ।

**ਰਾਕੇਸ਼:** ਬਿਲਕੁਲ.. ਇਹ ਸਾਡਾ ਸਤਿਆਗ੍ਰਹਿ ਹੈ, ਜਿਹੜਾ ਅਸੀਂ ਭੂਮੀ ਨੂੰ ਲੈ ਕੇ ਬਣੇ ਕਾਨੂੰਨ ਦੀ ਸੀਮਾ ਦੇ ਅੰਦਰ ਰਹਿੰਦੇ ਹੋਏ ਕਰ ਰਹੇ ਹਾਂ... ਅਸੀਂ ਅੱਜ ਜੋ ਵੀ ਕੀਤਾ ਉਹ ਸੰਕੇਤਕ ਸੀ...! ਅਸੀਂ ਪ੍ਰਸ਼ਾਸ਼ਨ ਨੂੰ ਪਹਿਲਾਂ ਵੀ ਸਾਡੀ ਸਮੱਸਿਆ ਦੇ ਬਾਰੇ ਲਿਖਿਆ ਸੀ ਪਰ ਉਨ੍ਹਾਂ ਨੇ ਗੌਰ ਨਹੀਂ ਕੀਤਾ! ਸਾਨੂੰ ਵਿਰੋਧ ਕਰਨ ਵਾਸਤੇ ਮਜਬੂਰ ਹੋਣਾ ਪਿਆ ! ਮੈਨੂੰ ਲੱਗਦਾ ਹੈ ਕਿ ਹੁਣ ਉਹ ਸਾਡੀ ਸਮੱਸਿਆ ਨੂੰ ਸਮਝਣ ਦੀ ਕੋਸ਼ਿਸ਼ ਕਰਨ ਵਾਸਤੇ ਮਜਬੂਰ ਹੋਣਗੇ !

**ਸ਼ਾਂਤਾ:** ਤੁਹਾਡਾ ਮਤਲਬ ਹੈ ਕਿ ਅੱਜ ਦਾ ਬੰਦ ਕੇਵਲ ਉਨ੍ਹਾਂ ਦਾ ਧਿਆਨ ਸਾਡੇ ਵੱਲ ਖਿੱਚਣ ਦੇ ਲਈ ਹੀ ਸੀ ?

**ਰਾਕੇਸ਼:** ਹਾਂ, ਬਿਲਕੁਲ... ਇੱਥੋਂ ਦੇ ਲੋਕਾਂ ਨੂੰ ਆਵਾਜਾਈ ਵਿਚ ਕੋਈ ਸਮੱਸਿਆ ਨਹੀਂ ਹੋਣੀ ਚਾਹੀਦੀ... ਅਤੇ ਇਸ ਨੂੰ ਨਿਸ਼ਚਿਤ ਕਰਨਾ ਜ਼ਰੂਰੀ ਵੀ ਹੈ.. ਪਰ ਸਾਨੂੰ ਆਪਣੇ ਸਿਹਤਮੰਦ ਜੀਵਨ ਦੇ ਬਾਰੇ ਸੋਚਣ ਦਾ ਤੇ

ਮੰਗਣ ਦਾ ਵੀ ਹੱਕ ਹੈ।

**ਤਰੁਣ:** ਸਰ, ਮੈਂ ਪਹਿਲਾਂ ਕਦੇ ਨਹੀਂ ਸੁਣਿਆ ਕਿ ਕੂੜਾ ਪ੍ਰਬੰਧਣ ਨੂੰ ਲੈ ਕੇ ਕੋਈ ਅੰਦੋਲਨ, ਕਿਸੇ ਤਰ੍ਹਾਂ ਦਾ ਬੰਦ ਜਾਂ ਧਰਨਾ ਪ੍ਰਦਰਸ਼ਨ ਕੀਤਾ ਗਿਆ ਹੋਵੇ । ਕੀ ਅਜਿਹਾ ਕਰਨ ਵਾਲੇ ਅਸੀਂ ਪਹਿਲੇ ਹਾਂ?

**ਰਾਕੇਸ਼:** ਨਹੀਂ ਅਸੀਂ ਪਹਿਲੇ ਨਹੀ ! ਇਸੇ ਲਈ ਤਾਂ ਮੈਂ ਤੁਹਾਨੂੰ ਆਖਦਾ ਹਾਂ ਕਿ ਅਖ਼ਬਾਰ ਜ਼ਰੂਰ ਪੜਿਆ ਕਰੋ.. ਅਜਿਹਾ ਨਹੀਂ ਕਿ ਸਿਰਫ਼ ਅਸੀਂ ਪਿੰਡ ਵਾਲੇ ਹੀ ਕੂੜਾ ਪ੍ਰਬੰਧਣ ਨੂੰ ਲੈ ਕਿ ਅੰਦੋਲਣ ਕਰ ਰਹੇ ਹਾਂ। ਸ਼ਹਿਰਾਂ ਨੂੰ ਦੇਖੋ.. ਉੱਥੇ ਰਹਿਣ ਵਾਲੇ ਲੋਕ ਵੀ ਇਸ ਤਰ੍ਹਾਂ ਦੀ ਸਮੱਸਿਆ ਨਾਲ ਜੁਝ ਰਹੇ ਹਨ...।

**ਤਰੁਣ:** ਹੈਂ ! ਕੀ ਸੱਚਮੁੱਚ ਹੀ ... ਅਜਿਹਾ ਹੋ ਰਿਹਾ ਹੈ ?

**ਰਾਕੇਸ਼:** ਹਾਂ ਕਿਉਂ ਨਹੀਂ ! ਚੰਡੀਗੜ੍ਹ ਵਰਗੇ ਸੁੰਦਰ ਸ਼ਹਿਰ ਨੂੰ ਹੀ ਲੈ ਲਓ !

**ਤਰੁਣ:** ਕੀ ਹੋਇਆ ਚੰਡੀਗੜ੍ਹ ਵਿੱਚ ?

**ਰਾਕੇਸ਼:** ਉਥੇ ਡੱਡੂ ਮਾਜਰਾ ਨਾਮ ਦੀ ਜਗ੍ਹਾ ਹੈ ਜਿਥੇ ਕੂੜੇ ਦੇ ਨਿਪਟਾਰੇ ਵਾਸਤੇ ਪਲਾਂਟ ਲੱਗਿਆ ਹੈ। ਉਹ ਕੰਮ ਨਹੀਂ ਕਰਦਾ ਸੀ ! ਉਥੇ ਲੋਕਾਂ ਨੇ ਕੂੜੇ ਕਾਰਨ ਫੈਲਦੀ ਗੰਦਗੀ ਦੇ ਵਿਰੁੱਧ ਪ੍ਰਦਰਸ਼ਨ ਕੀਤਾ ।

**ਸ਼ਾਂਤਾ:** ਮੈਂ ਤਾਂ ਪੜ੍ਹਿਆ ਸੀ ਕਿ ਹੁਣ ਤਾਂ ਚੰਡੀਗੜ੍ਹ ਪ੍ਰਸ਼ਾਸਨ ਵੱਲੋਂ ਨਾਲ ਲੱਗਦੇ ਪੰਜਾਬ ਦੇ ਪਿੰਡਾਂ ਵਿੱਚ ਕੂੜੇ ਦੇ ਢੇਰ ਲਗਾਏ ਜਾ ਰਹੇ ਹਨ !

**ਰਾਕੇਸ਼:** ਲੋਕ ਉਸਦਾ ਵੀ ਵਿਰੋਧ ਕਰ ਰਹੇ ਹਨ !

**ਤਰੁਣ:** ਕੀ ਕਿਤੇ ਹੋਰ ਵੀ ਹੈ ਅਜਿਹੀ ਸਮੱਸਿਆ ਅਤੇ ਵਿਰੋਧ ?

**ਰਾਕੇਸ਼:** ਹਾਂ ਅੰਮ੍ਰਿਤਸਰ ਵਿੱਚ ਭਗਤਾਂਵਾਲਾ ਕੂੜਾ ਸਥਾਨ ਨੂੰ ਲੈ ਕੇ ਉਥੇ ਠੋਸ ਕਚਰਾ ਪ੍ਰਬੰਧਨ ਨੂੰ ਲੈ ਕੇ ਲੋਕਾਂ ਨੇ, ਮੁਜਾਹਰੇ ਕੀਤੇ । ਜੈਵ ਵਿਘਟਨ ਵਾਲੇ ਤੇ ਜੈਵ ਵਿਘਟਨ ਨਾ ਹੋਣ ਵਾਲੇ ਕਚਰੇ ਨੂੰ ਵੱਖ ਕਰਨ ਦੇ ਅਤੇ ਉਸਦੇ ਨਿਪਟਾਰੇ ਵਾਸਤੇ 2000 ਦੇ ਨਿਯਮਾਂ ਨੂੰ ਇੰਨ ਬਿੰਨ ਲਾਗੂ ਕਰਨ ਦੀ ਮੰਗ ਕੀਤੀ ।

**ਸ਼ਾਂਤਾ:** ਕੀ ਪੰਜਾਬ ਚੰਡੀਗੜ੍ਹ ਤੋਂ ਬਾਹਰ ਵੀ ਅਜਿਹਾ ਕੁੱਝ ਹੋਇਆ ਹੈ ?

**ਰਾਕੇਸ਼:** ਹਾਂ, ਬੈਗਲੁਰੂ ਨੂੰ ਲੈ ਲਵੋ.. ਬਹੁਤ ਸੁੰਦਰ ਸ਼ਹਿਰ ਹੈ ! ਸੂਚਨਾ ਤਕਨਾਲੌਜੀ ਦੇ ਮਾਮਲੇ ਵਿਚ ਦੇਸ਼ ਦਾ ਪ੍ਰਮੁੱਖ ਕੇਂਦਰ ਵੀ ਹੈ।

**ਸ਼ਾਂਤਾ:** ਉੱਥੇ ਕੀ ਹੋਇਆ ਸੀ ?

**ਰਾਕੇਸ਼:** ਹੁਣੇ ਹੀ ਅਜਿਹੀਆਂ ਖ਼ਬਰਾਂ ਆਈਆਂ ਹਨ ਕਿ ਉੱਥੇ ਉੱਚੀਆਂ-ਉੱਚੀਆਂ ਇਮਾਰਤਾਂ ਵਿਚ ਰਹਿਣ ਵਾਲੇ ਲੋਕਾਂ ਨੇ ਵੀ ਅੰਦੋਲਨ ਕੀਤਾ ਸੀ। ਉਹ ਵੀ ਸੜਕ ‘ਤੇ ਆ ਗਏ ਸਨ.. ਉਨ੍ਹਾਂ ਦੀ ਸਮੱਸਿਆ ਵੀ ਇਹੀ ਸੀ.. ਕਿ ਉੱਥੇ ਕੂੜਾ ਸੁੱਟਣ ਦੀ ਠੀਕ ਵਿਵਸਥਾ ਨਹੀਂ ਸੀ।

**ਹਰਜੀਤ:** ਮੈਂ ਟੀ.ਵੀ. ‘ਤੇ ਵੇਖਿਆ ਸੀ ਕਿ ਉੱਥੇ ਕਿਸੇ ਟੋਭੇ ਨੂੰ ਲੈ ਕਿ ਕੁਝ ਸਖ਼ਤ ਨਿਯਮ ਹਨ ।

ਰਾਕੇਸ਼: ਮੈਨੂੰ ਖੁਸ਼ੀ ਹੈ ਕਿ ਤੁਸੀਂ ਇਹ ਮੁੱਦਾ ਚੁੱਕਿਆ। ਉਸ ਟੋਭੇ ਦਾ ਨਾਂ ਹੈ ਬੇਲਨਦੂਰ.. ਅਤੇ ਨੈਸ਼ਨਲ ਗ੍ਰੀਨ ਟ੍ਰਿਬਿਊਨਲ ਨੇ ਇਸ ਟੋਭੇ ਦੀ ਦੇਖ-ਭਾਲ ਕਰਨ ਲਈ ਨਾਗਰਿਕ ਏਜੰਸੀਆਂ 'ਤੇ ਛਾਂਟਾ ਚਲਾਇਆ ਸੀ। ਹੋਰ ਤਾਂ ਹੋਰ ਕਰਨਾਟਕ ਰਾਜ ਪ੍ਰਦੂਸ਼ਣ ਕੰਟਰੋਲ ਬੋਰਡ ਨੇ 97 ਕਾਰਖਾਨਿਆਂ ਨੂੰ ਬੰਦ ਕਰਨ ਦਾ ਨੋਟਿਸ ਵੀ ਜਾਰੀ ਕਰ ਦਿੱਤਾ ਸੀ।

ਸ਼ਾਂਤਾ: ਇਹ ਬਹੁਤ ਵੱਡਾ ਕਦਮ ਸੀ। ਇਸ ਦਾ ਮਤਲਬ ਹੈ ਕਿ ਅਸੀਂ ਪਹਿਲੇ ਨਹੀਂ ਹਾਂ।

ਰਾਕੇਸ਼: ਬਿਲਕੁਲ ਨਹੀਂ !

ਹਰਜੀਤ: ਕੂੜਾ-ਸਥਾਨ ਨੁਕਸਾਨ ਤਾਂ ਪਹੁੰਚਾ ਹੀ ਰਹੇ ਹਨ... ਜਿਵੇਂ ਕਿ ਸਾਡੇ ਨਾਲ ਹੋ ਰਿਹਾ ਹੈ।

ਰਾਕੇਸ਼: ਹਾਂ,ਇਹ ਕੂੜਾ ਸਥਾਨ ਸਾਡੇ ਲਈ ਖ਼ਤਰਾ ਬਣਦੇ ਜਾ ਰਹੇ ਹਨ।ਪੂਰਬੀ ਮੁੰਬਈ ਦਾ ਦੇਵਨਾਰ ਮੈਦਾਨ ਵੀ ਕੂੜਾ ਸਥਾਨ ਬਣਿਆ ਹੋਇਆ ਹੈ.. 326 ਏਕੜ ਵਿਚ ਫੈਲੇ ਇਸ ਮੈਦਾਨ ਵਿਚ ਕੂੜੇ ਦੇ 30 ਮੀਟਰ ਉੱਚੇ ਪਹਾੜ ਬਣੇ ਹੋਏ ਹਨ, 30 ਮੀਟਰ ਉੱਚੇ ਪਹਾੜ ਮਤਲਬ ਨੌਂ ਮੰਜ਼ਿਲਾ ਇਮਾਰਤ ਦੇ ਬਰਾਬਰ.. ਇਹ ਪੂਰਬੀ ਮੁੰਬਈ ਦੇ ਤਿੰਨ ਸਭ ਤੋਂ ਵੱਡੇ ਕੂੜਾ ਸਥਾਨਾਂ ਵਿਚੋਂ ਇਕ ਹੈ... ਜਿੱਥੇ ਹਰ ਰੋਜ ਪੰਜ ਹਜ਼ਾਰ ਪੰਜ ਸੌ (5,500) ਮੀਟ੍ਰਿਕ ਟਨ ਕੂੜਾ ਸੁੱਟਿਆ ਜਾਂਦਾ ਹੈ।

ਹਰਜੀਤ: ਚੰਗਾ.. ਪਰ ਤੁਸੀਂ ਇਸ ਗੱਲ 'ਤੇ ਖ਼ਾਸ ਜ਼ੋਰ ਕਿਉਂ ਦੇ ਰਹੇ ਹੋ ?

ਰਾਕੇਸ਼: ਕਿਉਂਕਿ 2016 ਵਿਚ ਇਸ ਕੂੜੇਦਾਨ ਵਿਚ ਅੱਗ ਲੱਗ ਗਈ ਸੀ ਅਤੇ ਅਗਲੇ ਕੁਝ ਦਿਨਾਂ ਤੱਕ ਉਸ ਇਲਾਕੇ ਵਿਚ ਰਹਿਣ ਵਾਲੇ ਲੋਕਾਂ ਲਈ ਮੁਸੀਬਤਾਂ ਦਾ ਪਹਾੜ ਟੁੱਟ ਪਿਆ ਸੀ।

ਸ਼ਾਂਤਾ: ਅਜਿਹੀ ਅੱਗ ਤਾਂ ਪਿਛਲੇ ਸਾਲ ਜਰਨੈਲੀ ਸੜਕ ਦੇ ਨੇੜੇ ਦਿੱਲੀ ਦੇ ਕੂੜਾ ਸਥਾਨ 'ਤੇ ਵੀ ਬਹੁਤ ਹੀ ਭਿਆਨਕ ਅੱਗ ਲੱਗ ਗਈ ਸੀ !

ਰਾਕੇਸ਼: ਮੁੰਬਈ ਦੇ ਕੂੜਾ ਸਥਾਨ 'ਤੇ ਅੱਗ ਲੱਗਣ ਦੇ ਨਾਲ ਤਾਂ ਮੁੰਬਈ ਦੇ ਆਲੇ ਦੁਆਲੇ ਪੂਰੇ ਇਲਾਕੇ ਵਿਚ ਐਨਾ ਧੂੰਆਂ ਫੈਲ ਗਿਆ ਸੀ ਕਿ ਬੱਚਿਆਂ ਦੀ ਸਿਹਤ ਨੂੰ ਧਿਆਨ ਵਿਚ ਰੱਖਦੇ ਹੋਏ ਬ੍ਰਹਨਮੁੰਬਈ ਨਗਰ ਨਿਗਮ ਨੂੰ ਆਪਣੇ 74 ਸਕੂਲਾਂ ਨੂੰ ਬੰਦ ਕਰਨਾ ਪਿਆ ਸੀ। ਅਮਰੀਕੀ ਸਪੇਸ ਏਜ਼ੰਸੀ 'ਨਾਸਾ' ਦੁਆਰਾ ਲਈਆਂ ਗਈਆਂ ਸੈਟੇਲਾਈਟ ਫੋਟੋਆਂ ਵਿਚ ਵੀ ਉਹ ਧੂੰਆਂ ਦੇਖਿਆ ਜਾ ਸਕਦਾ ਸੀ।

ਤਰੁਣ: ਕੀ ਸਿਰਫ਼ ਸਾਡੇ ਦੇਸ਼ ਵਿਚ ਹੀ ਐਨੇ-ਐਨੇ ਵੱਡੇ ਕੂੜਾ ਸਥਾਨ ਨੇ ?

ਰਾਕੇਸ਼: ਨਹੀਂ... ਵਿਕਸਿਤ ਦੇਸ਼ਾਂ ਵਿਚ ਵੀ ਕੂੜਾ ਸਥਾਨ ਇਕ ਵੱਡੀ ਸਮੱਸਿਆ ਹੈ। ਕੂੜਾ ਸਥਾਨ ਦੇ ਕਾਰਨ ਹਮੇਸ਼ਾ ਹੀ ਹਵਾ ਅਤੇ ਪਾਣੀ ਵਿਚ ਜ਼ਹਿਰ ਮਿਲਣ ਦਾ ਖ਼ਤਰਾ ਬਣ ਰਿਹਾ ਹੈ।

ਹਰਜੀਤ: ਹੈਂ...! ਵਿਕਸਿਤ ਦੇਸ਼ਾਂ ਵਿਚ ਵੀ ਇਹ ਸਮੱਸਿਆ ਹੈ ! ਤਾਂ ਵਿਕਾਸਿਤ ਕਿਵੇਂ ਮੰਨਿਆ ਜਾਵੇ ਉਨ੍ਹਾਂ ਨੂੰ !

ਰਾਕੇਸ਼: ਖ਼ਤਰਿਆਂ ਦੀ ਸੂਚੀ ਅਜੇ ਖ਼ਤਮ ਨਹੀਂ ਹੋਈ। ਗਲੋਬਲ ਵਾਰਮਿੰਗ ਦੇ ਬਾਰੇ ਸੋਚੋ। ਇਹ ਕੂੜਾ ਸਥਾਨ ਗਲੋਬਲ ਵਾਰਮਿੰਗ ਦਾ ਕਾਰਨ ਵੀ ਬਣਦੇ ਹਨ, 2008 ਵਿਚ ਅਮਰੀਕੀ ਕੂੜਾ ਸਥਾਨਾਂ ਨੇ 3 ਕਰੋੜ ਮੀਟ੍ਰਿਕ ਟਨ ਜ਼ਹਿਰੀਲੀ ਮਿਥੇਨ ਗੈਸ ਛੱਡੀ ਸੀ।

**ਤਰੁਣ:** ਬਹੁਤ ਸਾਰੇ ਉਦਾਹਰਨ ਹਨ.. ਇਸ ਤਰ੍ਹਾਂ ਖੁੱਲ੍ਹੇ ਵਿਚ ਕੂੜਾ ਸੁੱਟਣ ਨਾਲ ਅਤੇ ਰਿਹਾਇਸ਼ੀ ਇਲਾਕਿਆਂ ਵਿਚ ਕੂੜਾ ਸਥਾਨ ਬਣਾਉਣ ਨਾਲ ਨੁਕਸਾਨ ਹੋ ਰਿਹਾ ਏ। ਫਿਰ ਵੀ ਪ੍ਰਸ਼ਾਸ਼ਨ ਤੇ ਲੋਕ ਸੁਣ ਨਹੀਂ ਰਹੇ.. ਕੁਝ ਸਮਝ ਨਹੀਂ ਰਹੇ।

**ਸ਼ਾਂਤਾ:** ਮੇਰੀ ਗੱਲ ਸੁਣੋ ਸਰ... ਮੰਨ ਲੈਂਦੇ ਹਾਂ ਕਿ ਸਾਰੇ ਕੂੜਾ ਸਥਾਨ ਗਾਇਬ ਹੋ ਗਏ... ਮਤਲਬ ਹੁਣ ਕੋਈ ਕੂੜਾ ਸਥਾਨ ਨਹੀਂ... ਕਿਤੇ ਵੀ ਨਹੀਂ.. ਠੀਕ ! ਪਰ ਕੂੜਾ ਤਾਂ ਹੋਵੇਗਾ ਹੀ... ਤਾਂ ਫਿਰ ਆਖਿਰ ਇਹ

ਕੂੜਾ ਕਿੱਥੇ ਜਾਏਗਾ?

**ਹਰਜੀਤ:** ਇਹ ਸੋਚਣ ਦੀ ਸਾਨੂੰ ਜ਼ਰੂਰਤ ਨਹੀਂ। ਅਸੀਂ ਬਸ! ਇਸ ਗੱਲ ਦਾ ਧਿਆਨ ਰੱਖਣਾ ਹੈ ਕਿ ਅਸੀਂ ਦੂਜੇ ਦੇ ਕੂੜੇ ਦੇ ਕਾਰਨ ਆਪਣੀ ਜਾਨ ਨਹੀਂ ਦੇਵਾਂਗੇ !

**ਰਾਕੇਸ਼:** ਰੁਕੋ ਹਰਜੀਤ...! ਸੰਜਮ ਰੱਖੋ... ! ਸ਼ਾਂਤਾ ਨੇ ਇਕ ਸਹੀ ਸਵਾਲ ਪੁੱਛਿਆ ਏ। ਉਸ ਨਾਲ ਬਹਿਸ ਕਰਨ ਦੀ ਜ਼ਰੂਰਤ ਨਹੀਂ।

**ਹਰਜੀਤ:** ਪਰ ਅਸੀਂ ਅਜਿਹੇ ਸਵਾਲਾਂ ਨਾਲ ਆਪਣੇ-ਆਪ ਨੂੰ ਪ੍ਰੇਸ਼ਾਨ ਕਿਉਂ ਕਰੀਏ ? ਅਸੀਂ ਕੋਈ ਦੇਸ਼ ਜਾਂ ਰਾਜ ਤਾਂ ਨਹੀਂ ਚਲਾ ਰਹੇ। ਇਹ ਤਾਂ ਸਾਡੇ ਨੇਤਾਵਾਂ ਤੇ ਪ੍ਰਸ਼ਾਸਨਿਕ ਅਧਿਕਾਰੀਆਂ ਨੂੰ ਸੋਚਣਾ ਚਾਹੀਦਾ ਹੈ ! ਇਸ 'ਤੇ ਧਿਆਨ ਦੇਣਾ ਚਾਹੀਦਾ ਹੈ !

**ਰਾਕੇਸ਼:** ਮੈਨੂੰ ਲੱਗਦਾ ਹੈ... ਤੁਹਾਡੀ ਸੋਚ ਗ਼ਲਤ ਦਿਸ਼ਾ ਵਿਚ ਜਾ ਰਹੀ ਏ.. ਕਿਸੇ ਵੀ ਸਮੱਸਿਆ ਦਾ ਸਭ ਤੋਂ ਚੰਗਾ ਹੱਲ ਤਾਂ ਤਦ ਹੀ ਨਿਕਲ ਸਕਦਾ ਹੈ ਜਦੋਂ ਉਸ ਦਾ ਉਪਾਅ ਹੇਠਲੇ ਪੱਧਰ 'ਤੇ ਲੱਭਿਆ ਜਾਵੇ... ਜਦੋਂ ਆਮ ਲੋਕ ਸਮੱਸਿਆ ਨਾਲ ਸਿੱਝਣ ਦੀ ਕੋਸ਼ਿਸ਼ ਕਰਨ ! ਕਿਉਂ ਤਰੁਣ?

**ਤਰੁਣ:** ਮੈਂ ਆਪਜੀ ਦੀ ਗੱਲ 'ਤੇ ਅਮਲ ਕਰਨ ਬਾਰੇ ਸੋਚ ਰਿਹਾ ਹਾਂ ਪਰ ਮੈਨੂੰ ਕੋਈ ਰਸਤਾ ਨਜ਼ਰ ਨਹੀਂ ਆ ਰਿਹਾ। ਜਦੋਂ ਵੀ ਮੈਂ ਸ਼ਹਿਰ ਜਾਂਦਾ ਹੈ ਤਾਂ ਮੈਨੂੰ ਹਰ ਪਾਸੇ ਕੂੜਾ ਹੀ ਕੂੜਾ ਨਜ਼ਰ ਆਉਂਦਾ ਹੈ। ਮੈਨੂੰ ਤਾਂ ਅਜਿਹਾ ਲੱਗ ਰਿਹਾ ਏ ਕਿ ਕੂੜਾ ਲਗਾਤਾਰ ਵਧਦਾ ਹੀ ਜਾ ਰਿਹਾ ਹੈ।

**ਸ਼ਾਂਤਾ:** ਤਰੁਣ ਗ਼ਲਤ ਨਹੀਂ ਆਖ ਰਿਹਾ। ਸਾਡੇ ਪਿੰਡ ਦੀ ਸੜਕ 'ਤੇ ਵੀ ਹਰ ਸਮੇਂ ਕੂੜਾ ਫੈਲਿਆ ਰਹਿੰਦਾ ਏ। ਇੱਥੇ ਦੁਕਾਨਾਂ ਐਨੀਆਂ ਜ਼ਿਆਦਾ ਨਹੀਂ ਹਨ ਪਰ ਕੂੜਾ ਲਗਾਤਾਰ ਵਧਦਾ ਹੀ ਜਾ ਰਿਹਾ ਏ.. ਉਹ ਵੀ ਬਹੁਤ ਹੀ ਜ਼ਿਆਦਾ.. ਪਤਾ ਨਹੀਂ ਕਿਵੇਂ ?

**ਰਾਕੇਸ਼:** ਕੂੜਾ ਪ੍ਰਬੰਧਣ ਦਾ ਸਭ ਤੋਂ ਵਧੀਆ ਤਰੀਕਾ ਤਾਂ ਇਹੀ ਏ ਕਿ ਅਸੀਂ ਘੱਟ ਤੋਂ ਘੱਟ ਕੂੜਾ ਪੈਦਾ ਕਰੀਏ ਪਰ ਦੁੱਖ ਦੀ ਗੱਲ ਏ ਕਿ ਸਾਡੇ ਉਦਯੋਗ ਵਰਤੋ ਤੇ ਸੁੱਟੋ ਸਭਿਆਚਾਰ ਨੂੰ ਪ੍ਰਫੁੱਲਤ ਕਰਕੇ ਲੋਕਾਂ ਦਾ ਸੁਭਾਅ ਤੇ ਲੋੜਾਂ ਇਸ ਤਰ੍ਹਾਂ ਬਦਲ ਰਹੇ ਹਨ ਕਿ ਬੇ-ਲੋੜਾ ਕੂੜਾ ਪੈਦਾ ਹੁੰਦਾ ਜਾਵੇ ! ਕੂੜਾ ਤਾਂ ਜਨਸੰਖਿਆ ਨਾਲੋਂ ਵੀ ਜ਼ਿਆਦਾ ਤੇਜ਼ੀ ਨਾਲ ਵਧ ਰਿਹਾ ਏ।

**ਸ਼ਾਂਤਾ:** ਇਸੇ ਲਈ ਤਾਂ ਮੈਂ ਕੂੜਾ ਸਥਾਨਾਂ ਦਾ ਵਿਕਲਪ ਲੱਭ ਰਹੀ ਹਾਂ।

**ਰਾਕੇਸ਼:** ਵਿਕਲਪ ਅਸਾਨ ਹੈ... ਇਸ ਵਿਚ 3 **'ਆਰ'** ਦੀ ਜ਼ਰੂਰਤ ਹੋਵੇਗੀ... ਪਹਿਲਾ **'ਆਰ'** ਰਿਡਿਊਸ (Reduce..) ਮਤਲਬ ਕੂੜਾ ਘੱਟ ਕਰਨਾ ਦੂਸਰਾ **'ਆਰ'** ਰੀਯੂਜ਼ (Reuse) ਮਤਲਬ ਕੂੜੇ ਦੀ

ਦੁਬਾਰਾ ਵਰਤੋਂ ਕਰਨਾ ਅਤੇ ਤੀਜਾ **'ਆਰ'** ਰੀਸਾਈਕਲ (Recycle) ਮਤਲਬ ਕੂੜੇ ਨੂੰ ਕੰਮ ਦੀ ਚੀਜ਼ ਵਿਚ ਬਦਲਣਾ.. ਪਰ ਇਸ ਨਾਲ ਵੀ ਤੁਹਾਡੇ ਸਵਾਲ ਦਾ ਜਵਾਬ ਨਹੀਂ ਮਿਲੇਗਾ.. ਮੈਂ ਤੁਹਾਨੂੰ ਇਕ ਗੋਸ਼ਟੀ ਦਾ ਦ੍ਰਿਸ਼ ਦਿਖਾਉਂਦਾ ਹਾਂ... ਜਿੱਥੇ ਪਿਛਲੇ ਮਹੀਨੇ ਮੈਂ ਆਪਣੇ ਵਿਦਿਆਰਥੀਆਂ ਨੂੰ ਲੈ ਕੇ ਗਿਆ ਸੀ। ਉੱਥੇ ਅਸੀਂ ਕੂੜਾ ਪ੍ਰਬੰਧਨ ਨੂੰ ਲੈ ਕੇ ਇਕ ਚਰਚਾ ਸੁਣੀ ਸੀ।

**-------ਦ੍ਰਿਸ਼ ਪਰਿਵਰਤਨ ਸੰਗੀਤ--------**

**ਦ੍ਰਿਸ਼ ਤੀਜਾ**

**(ਸੰਗੀਤ ਤੇਜ਼ ਹੁੰਦਾ ਹੈ ਤੇ ਫਿਰ ਹੌਲੀ ਹੁੰਦੇ ਹੋਏ ਬੰਦ ਹੋ ਜਾਂਦਾ ਹੈ ਅਤੇ ਵਾਰਤਾਲਾਪ ਸ਼ੁਰੂ ਹੁੰਦਾ ਹੈ)**

**ਫਾਰੁਖ਼:** ਨਾਜਰ ਜੀ... ਤੁਹਾਡੀ ਚਰਚਾ ਤੋਂ ਸਾਨੂੰ ਬਹੁਤ ਸਾਰੀਆਂ ਜਾਣਕਾਰੀਆਂ ਮਿਲੀਆਂ.. ਪਰ ਕੀ ਤੁਹਾਨੂੰ ਲੱਗਦਾ ਹੈ ਕਿ ਜਿਹੜਾ ਸੁਝਾਅ ਤੁਸੀਂ ਦਿੱਤਾ ਏ ਉਸ ਨਾਲ ਕੋਈ ਲਾਭ ਹੋਵੇਗਾ?

**ਨਾਜਰ:** ਫਾਰੁਖ਼ ਸਾਹਿਬ...! ਇਹ ਮੇਰੇ ਤਰੀਕੇ ਨਹੀਂ... ਇਹ ਅਮਰੀਕੀ ਵਾਤਾਵਰਨ ਸੁਰੱਖਿਅਣ ਏਜੰਸੀ ਐਨਵਾਇਰਨਮੈਂਟ ਪ੍ਰੋਟੈਕਸ਼ਨ ਏਜੈਂਸੀ (ਈ.ਪੀ.ਏ.) ਦਾ ਸੁਝਾਅ ਏ... ਕੀ ਇਨ੍ਹਾਂ ਵਿਧੀਆਂ ਨੂੰ ਦੁਹਰਾਉਣ ਦੀ ਲੋੜ ਹੈ ?

**ਫਾਰੁਖ਼:** ਜੀ ਜ਼ਰੂਰ...!

**ਨਾਜਰ:** ਈ.ਪੀ.ਏ. ਅਨੁਸਾਰ ਹੁਣ ਸਾਰੇ ਨਵੇਂ ਕੂੜਾ ਸਥਾਨਾਂ ਦੇ ਲਈ ਲੀਚੇਟ ਸੰਗ੍ਰਹਿ ਪ੍ਰਣਾਲੀ ਦੀ ਵਰਤੋਂ ਕਰਨੀ ਲਾਜ਼ਮੀ ਏ। ਲੀਚੇਟ ਦੀ ਵਰਤੋਂ ਠੋਸ ਅਵਸ਼ੇਸ਼ਾਂ ਨੂੰ ਤੇਜ਼ੀ ਨਾਲ ਗਾਲ ਦਿੰਦੀ ਹੈ।

**ਮਨਮੀਤ:** ਮੈਨੂੰ ਇਸ ਦੇ ਬਾਰੇ ਕੁਝ ਨਹੀਂ ਪਤਾ.. ਕੀ ਤੁਸੀਂ ਇਸ 'ਤੇ ਹੋਰ ਚਾਨਣਾ ਪਾ ਸਕਦੇ ਹੋ?

**ਨਾਜਰ:** ਲੀਚੇਟ ਇਕ ਤਰਲ ਪਦਾਰਥ ਹੁੰਦਾ ਹੈ ਜਿਹੜਾ ਮੀਂਹ ਪੈਣ 'ਤੇ ਕੂੜੇ ਦੇ ਕੁਦਰਤੀ ਤੌਰ 'ਤੇ ਗਲਣ ਵੇਲੇ ਬਣਦਾ ਹੈ। ਲੀਚੇਟ ਸੰਗ੍ਰਹਿ ਪ੍ਰਣਾਲੀ ਦੇ ਤਹਿਤ ਇਸ ਤਰਲ ਪਦਾਰਥ ਨੂੰ ਇੱਕ ਹੌਦੀ ਵਿੱਚ ਇਕੱਠਾ ਕੀਤਾ ਜਾਂਦਾ ਹੈ।

**ਮਨਮੀਤ:** ਇਹ ਵਿਧੀ ਕਿਵੇਂ ਕੀਤੀ ਜਾਂਦੀ ਹੈ ਲਾਗੂ ?

**ਨਾਜਰ:** ਲੀਚੇਟ ਤਰਲ ਪਦਾਰਥ ਨੂੰ, ਘੱਟ ਤੋਂ ਘੱਟ 2% ਦੀ ਢਲਾਣ ਵਾਲੀ ਨਾਲੀ ਰਾਹੀਂ ਇਕ ਹੌਦੀ ਤੱਕ ਪਹੁੰਚਾਇਆ ਜਾਂਦਾ ਹੈ। ਹੌਦੀ ਵਿਚ ਇਕ ਪਲਾਸਟਿਕ ਦਾ ਪਾਈਪ ਤੇ ਇੱਕ ਮੱਛੀ ਮੋਟਰ ਲੱਗੇ ਹੁੰਦੇ ਹਨ ਜਿਨ੍ਹਾਂ ਦੀ ਸਹਾਇਤਾ ਨਾਲ ਲੀਚੇਟ ਤਰਲ ਨੂੰ ਲੀਚੇਟ ਸੰਗ੍ਰਹਿ ਪ੍ਰਣਾਲੀ ਤੱਕ ਪਹੁੰਚਾਇਆ ਜਾਂਦਾ ਹੈ। ਉਥੋਂ ਉਸ ਨੂੰ ਕੇਂਦਰੀ ਸੰਗ੍ਰਹਿ ਪੰਪ ਤੱਕ ਭੇਜਣ ਤੋਂ ਬਾਅਦ ਭੰਡਾਰਨ ਟੋਭੇ ਤੱਕ ਪਹੁੰਚਾ ਦਿੱਤਾ ਜਾਂਦਾ ਹੈ।

**ਮਨਮੀਤ:** ਇਹ ਤਾਂ ਬਹੁਤ ਹੀ ਲੰਬੀ ਚੌੜੀ ਤਕਨੀਕ ਹੈ ਇਸਦੇ ਲਈ ਬਹੁਤ ਸਾਰੇ ਪੈਸੇ ਲਗਾਉਣੇ ਪੈਣਗੇ।

**ਨਾਜਰ:** ਹਾਂ ! ਜਲੰਧਰ ਵਿੱਚ ਇਸ ਪ੍ਰਣਾਲੀ ਦੇ ਨਾ ਹੋਣ ਕਰਕੇ , ਵਰਿਆਣਾ ਕੂੜਾ ਸਥਾਨ ਤੋਂ ਵਗਦੇ ਲੀਚੇਟ ਦੀ ਸਮੱਸਿਆ ਤੋਂ ਲੋਕ ਤੰਗ ਹਨ । ਹੁਣ ਫੈਸਲਾ ਹੋਇਆ ਹੈ ਕਿ ਠੋਸ ਕੂੜੇ ਤੋਂ ਈਂਧਣ ਬਣਾਇਆ ਜਾਵੇਗਾ

ਤੇ ਰਹਿੰਦਾ 20% ਸੁਰੱਖਿਅਤ ਤਰੀਕੇ ਨਾਲ ਪਿਪਲਾਂਵਾਲਾ ਹੁਸ਼ਿਆਰਪੁਰ ਦੇ ਕੂੜਾ ਸਥਾਨ ਤੇ ਦੱਬਿਆ ਜਾਵੇਗਾ... ਪਰ, ਜੇਕਰ ਅਸੀਂ ਆਮ ਲੋਕਾਂ ਦੀ ਸਿਹਤ ਦੇ ਬਾਰੇ ਪ੍ਰੇਸ਼ਾਨ ਹਾਂ ਤਾਂ ਲੀਚੇਟ ਪ੍ਰਣਾਲੀ 'ਤੇ ਨਿਵੇਸ਼ ਤਾਂ ਕਰਨਾ ਹੀ ਪਏਗਾ।

ਫਾਰੁਖ਼: ਤੁਸੀਂ ਮਿਥੇਨ ਗੈਸ ਦੀ ਸਕਾਰਾਤਮਕ ਵਰਤੋਂ ਦੀ ਗੱਲ ਕਰ ਰਹੇ ਸੀ?

ਨਾਜਰ: ਹਾਂ ! ਵਿਘਟਣ ਦੌਰਾਨ ਪੈਦਾ ਮਿਥੇਨ ਗੈਸ ਨੂੰ ਬਿਜਲੀ ਪੈਦਾ ਕਰਨ ਦੇ ਲਈ ਵਰਤਿਆ ਜਾ ਸਕਦਾ ਹੈ। ਕੈਲੀਫੋਰਨੀਆ ਵਿਚ ਯੋਲੋ ਸ਼ਹਿਰ ਦੇ ਕੂੜਾ ਸਥਾਨ ਤੋਂ ਪ੍ਰਤੀ ਦਿਨ ਪੈਦਾ ਹੁੰਦੀ 14 ਲੱਖ ਘਣ ਫੁੱਟ ਮਿਥੇਨ ਗੈਸ ਦੀ ਵਰਤੋਂ ਬਿਜਲੀ ਪੈਦਾ ਕਰਨ ਵਿਚ ਕੀਤੀ ਜਾਂਦੀ ਹੈ। ਮੈਨੂੰ ਪੂਰਾ ਵਿਸ਼ਵਾਸ਼ ਹੈ ਕਿ ਇਸ ਪ੍ਰਕਿਰਿਆ ਦਾ ਫਾਇਦਾ ਅਸੀਂ ਵੀ ਲੈ ਸਕਾਂਗੇ।

ਫਾਰੂਕ: ਵੈਸੇ ਮੀਥੇਨ ਦੀ ਵਰਤੋਂ ਦਾ ਤਾਂ ਪਤਾ ਨਹੀਂ ਪਰ ਪੰਜਾਬ ਵਿੱਚ ਵੀ ਤਰਨ ਤਾਰਨ ਜਿਲ੍ਹੇ ਦੇ ਡਾ ਧਵਨ ਨੇ ਠੋਸ ਕੂੜੇ ਤੋਂ ਊਰਜਾ ਪੈਦਾ ਕਰਨ ਦੀ ਇੱਕ ਪ੍ਰਜੈਕਟ ਹੁਣੇ ਜਿਹੇ ਹੀ ਪੇਸ਼ ਕੀਤੀ ਹੈ ।

ਮਨਮੀਤ: ਕੂੜਾ ਸਥਾਨ ਖਣਨ ਕੀ ਹੁੰਦਾ ਹੈ? ਮੈਂ ਇਕ ਵਾਰ ਇਸ ਦੇ ਬਾਰੇ ਸੁਣਿਆ ਵੀ ਸੀ ਪਰ ਠੀਕ ਤਰ੍ਹਾਂ ਸਮਝ ਨਹੀਂ ਸਕੀ...।

ਨਾਜਰ: ਕੂੜਾ ਸਥਾਨ ਖਣਨ ਦਾ ਮਤਲਬ ਏ ਕੂੜੇ ਵਿਚੋਂ ਵਰਤੋਂ ਦੀਆਂ ਚੀਜ਼ਾਂ ਕੱਢਣਾ ਜਿਨ੍ਹਾਂ ਦੀ ਵਰਤੋਂ ਦੂਸਰੇ ਕੰਮਾਂ ਵਿਚ ਕੀਤੀ ਜਾ ਸਕੇ। ਕੂੜਾ ਸਥਾਨਾਂ ਦਾ 65% ਤੋਂ ਜ਼ਿਆਦਾ ਫੋਕਟ ਵਰਤੋਂ ਵਿਚ ਲਿਆਂਦਾ ਜਾ ਸਕਦਾ ਹੈ। ਕੂੜਾ ਸਥਾਨ ਨੂੰ ਬੰਦ ਕਰਨ ਤੋਂ ਪਹਿਲਾਂ ਧਾਤੂ, ਲੱਕੜ, ਐਲੂਮੀਨੀਅਮ, ਕੱਚ, ਪਲਾਸਟਿਕ ਆਦਿ ਨੂੰ ਵੀ ਦੂਜੇ ਕੰਮਾਂ ਵਿਚ ਵਰਤੋਂ ਦੇ ਲਈ ਕੱਢਿਆ ਜਾ ਸਕਦਾ ਹੈ।

ਫਾਰੁਖ਼: ਤੁਸੀਂ ਤਾਂ ਕੂੜੇ ਨੂੰ ਸਾੜਨ ਦੇ ਸਾਰੇ ਵਿਕਲਪ ਸਿਰੇ ਤੋਂ ਹੀ ਨਕਾਰ ਦਿੱਤੇ।

ਨਾਜਰ: ਨਹੀਂ ! ਮੈਂ ਕੂੜਾ ਸਾੜਣ ਦੇ ਵਿਕਲਪ ਨੂੰ ਖਾਰਿਜ ਨਹੀਂ ਕਰ ਰਿਹਾ.. ਪਰ ਅਸੀਂ ਜਾਣਦੇ ਹਾਂ ਕਿ ਅਜਿਹਾ ਕਰਨ ਨਾਲ ਬਹੁਤ ਸਾਰੀਆਂ ਹੋਰ ਸਮੱਸਿਆਵਾਂ ਵੀ ਪੈਦਾ ਹੁੰਦੀਆਂ ਹਨ। ਇਸ ਲਈ ਮੈਂ ਇਸ ਵਿਕਲਪ ਦਾ ਸੁਝਾਅ ਨਹੀਂ ਦੇ ਰਿਹਾ! ਤੁਹਾਨੂੰ ਅਜਿਹੇ ਫੈਸਲੇ ਸੋਚ-ਸਮਝ ਕੇ ਲੈਣੇ ਚਾਹੀਦੇ ਹਨ।

ਮਨਮੀਤ: ਕੂੜੇ ਨੂੰ ਸਾੜਨ ਦੀ ਗੱਲ ਤੋਂ ਮੈਂ ਐਨਾ ਤਾਂ ਸਮਝ ਗਈ ਹਾਂ ਕਿ ਪੂਰੇ ਕੂੜੇ ਨੂੰ ਸਾੜਣ ਦੀ ਬਜਾਏ ਉਸ ਵਿਚੋਂ ਜ਼ਰੂਰੀ ਅਤੇ ਕੰਮ ਦੀਆਂ ਵਸਤਾਂ ਅਲੱਗ ਕਰਨ ਪਿੱਛੋਂ ਹੀ ਕੂੜਾ ਸਾੜਨਾ ਚਾਹੀਦਾ ਹੈ !

ਨਾਜਰ: ਕੂੜੇ ਨੂੰ ਸਾੜਕੇ ਅਸੀਂ ਊਰਜਾ ਪੈਦਾ ਕਰਦੇ ਹਾਂ ਜੋ ਕਿ ਸਭ ਤੋਂ ਜ਼ਿਆਦਾ ਕਾਰਗਰ ਵਿਧੀ ਹੈ। ਦੂਜੇ ਤਰੀਕੇ ਵੀ ਹਨ ਜਿਵੇਂ ਗੈਸੀਕਰਨ, ਅਣਆਕਸੀ ਜੈਵਿਕ ਵਿਘਟਣ (Anaerobic Digestion) ਅਤੇ ਖਲਾਅ ਜਾ ਨਾਈਟਰੋਜਨੀ ਵਾਤਾਵਰਣ ਵਿੱਚ ਉਚ ਤਾਪ 'ਤੇ ਵਿਘਟਣ (Pyrolysis.)

ਮਨਮੀਤ: ਤਾਂ ਫਿਰ ਲੋਕ ਕੂੜਾ ਸਾੜਨ 'ਤੇ ਗੁੱਸਾ ਕਿਉਂ ਹੁੰਦੇ ਹਨ ?

ਫਾਰੁਖ਼: ਮੈਂ ਕੂੜਾ ਸਾੜਨ ਦੇ ਵਿਕਲਪ ਬਾਬਤ ਇੱਥੇ ਕੁਝ ਤੱਥ ਰੱਖਣਾ ਚਾਹੁੰਦਾ ਹਾਂ।

ਮਨਮੀਤ: ਜੀ ਜ਼ਰੂਰ !

ਫਾਰੁਖ਼: ਕੂੜੇ ਵਿਚੋਂ ਜ਼ਰੂਰੀ ਤੱਤ ਕੱਢੇ ਬਿਨਾ ਸਾੜਿਆ ਕੂੜਾ ਨੁਕਸਾਨ ਕਰਦਾ ਹੈ ! ਹਵਾਤਾਵਰਣ ਨੂੰ ਬਹੁਤ ਨੁਕਸਾਨ ਪਹੁੰਚਾਉਂਦਾ ਹੈ।ਪਲਾਂਟ ‘ਤੇ ਕੰਮ ਕਰਦੇ ਕਾਮਿਆਂ ਦੀ ਸਿਹਤ ਅਤੇ ਵਾਤਾਵਰਣ ਨੂੰ ਖ਼ਤਰਾ ਵਧ ਜਾਂਦਾ ਹੈ। ਅਜਿਹੇ ਢੰਗ ਨਾਲ ਕੂੜਾ ਸਾੜਣ ਵਾਲੇ ਬਹੁਤੇ ਪਲਾਂਟ ਬਿਜਲੀ ਵੀ ਪੈਦਾ ਨਹੀਂ ਕਰਦੇ।

ਨਾਜਰ: ਸਾੜਣ ਨਾਲ ਕੂੜੇ ਦਾ ਪੁੰਜ 95%-96% ਤੱਕ ਘੱਟ ਹੋ ਜਾਂਦਾ ਹੈ। ਵੈਸੇ ਇਹ ਗੱਲ ਕੂੜੇ ਵਿਚ ਮੌਜੂਦ ਤੱਤਾਂ ਅਤੇ ਉਨ੍ਹਾਂ ਨੂੰ ਵਰਤੋਂ ਦੇ ਲਾਇਕ ਬਣਾਉਣ ਦੇ ਤਰੀਕੇ ‘ਤੇ ਨਿਰਭਰ ਕਰਦੀ ਹੈ। ਮਤਲਬ ਕੂੜੇ ਨੂੰ ਸਾੜਣ ਨਾਲ ਕੂੜਾ ਸਥਾਨ ਬਣਾਉਣ ਦੀ ਜ਼ਰੂਰਤ ਤਾਂ ਖ਼ਤਮ ਨਹੀਂ ਹੁੰਦੀ ਪਰ ਉਸ ਵਿਚ ਸੁੱਟੇ ਜਾਣ ਵਾਲੇ ਕੂੜੇ ਦੀ ਮਾਤਰਾ ਜ਼ਰੂਰ ਹੀ ਬਹੁਤ ਜਿਆਦਾ ਘਟ ਜਾਂਦੀ ਹੈ।

ਮਨਮੀਤ (ਹੱਸਦੇ ਹੋਏ): ਤਾਂ ਘੁੰਮ-ਫਿਰ ਕੇ ਅਸੀਂ ਫਿਰ ਕੂੜਾ ਸਥਾਨ ਦੀ ਸਮੱਸਿਆ ‘ਤੇ ਹੀ ਆ ਗਏ।

ਫਾਰੁਖ਼: ਮੇਰੀ ਗੱਲ ਅਜੇ ਖ਼ਤਮ ਨਹੀਂ ਹੋਈ।

ਮਨਮੀਤ: ਅੱਛਾ... ਤਾਂ ਤੁਸੀਂ ਆਪਣੀ ਗੱਲ ਪੂਰੀ ਕਰੋ..

ਫਾਰੁਖ਼: ਕੂੜੇ ਨੂੰ ਸਾੜਣ ਦੇ ਫਾਇਦੇ ਵੀ ਬਹੁਤ ਹਨ... ਖ਼ਾਸ ਤੌਰ ‘ਤੇ ਦਵਾਈਆਂ ਦੇ ਅਵਸ਼ੇਸ਼ ਸਾੜਣ ਦੇ ਫਾਇਦੇ... ਇਸ ਪ੍ਰਕਿਰਿਆ ਵਿਚ ਜਦੋਂ ਕੂੜੇ ਨੂੰ ਜ਼ਿਆਦਾ ਤਾਪਮਾਨ ‘ਤੇ ਰੱਖਿਆ ਜਾਂਦਾ ਹੈ ਤਾਂ ਉਸ ਦੇ ਜ਼ਹਿਰੀਲੇ ਤੱਤ ਖ਼ਤਮ ਹੋ ਜਾਂਦੇ ਹਨ।

ਨਾਜਰ: ਜਪਾਨ ਵਿਚ ਇਸ ਵਿਧੀ ਦੀ ਕਾਫੀ ਵਰਤੋਂ ਕੀਤੀ ਜਾਂਦੀ ਹੈ। ਉਥੇ ਭੂਮੀ ਦੀ ਘਾਟ ਹੈ... ਇਸ ਲਈ ਕੂੜਾ ਸਥਾਨ ਦੀ ਥਾਂ ਕੂੜੇ ਨੂੰ ਵਿਧੀਵਤ ਸਾੜਨ ਦਾ ਕੰਮ ਹੁੰਦਾ ਹੈ !

ਮਨਮੀਤ: ਬਹੁਤ ਤਰਕਪੂਰਨ ਗੱਲ ਏ ਇਹ ਤਾਂ।

ਨਾਜਰ: ਕੂੜੇ ਨੂੰ ਸਾੜਨ ਨਾਲ ਪੈਦਾ ਹੋਣ ਵਾਲੀ ਊਰਜਾ ਦੀ ਮੰਗ ਡੈਨਮਾਰਕ ਅਤੇ ਸਵੀਡਨ ਵਰਗੇ ਦੇਸ਼ਾਂ ਵਿਚ ਬਹੁਤ ਹੈ।

ਮਨਮੀਤ: ਸੋ ਸਪਸ਼ਟ ਹੈ ਕਿ ਕੂੜੇ ਨੂੰ ਸਾੜਨਾ ਗਲ਼ਤ ਨਹੀਂ ਪਰ ਇਸ ਨਾਲ ਕੂੜਾ ਸਥਾਨ ਦੀ ਜ਼ਰੂਰ ਖ਼ਤਮ ਤਾਂ ਨਹੀਂ ਹੁੰਦੀ।

ਨਾਜਰ (ਹੱਸਦੇ ਹੋਏ): ਬਿਲਕੁਲ ਸਹੀ... !

-------ਦ੍ਰਿਸ਼ ਪਰਿਵਰਤਨ ਸੰਗੀਤ--------

**ਦ੍ਰਿਸ਼ ਚੌਥਾ**

**(ਪਿੰਡ ਦਾ ਦ੍ਰਿਸ਼, ਸੰਗੀਤ ਦੇ ਨਾਲ ਵਾਪਸ ਆਉਂਦਾ ਹੈ।)**

ਸ਼ਾਂਤਾ: ਤਾਂ ਕੂੜਾ ਸਥਾਨ ਹਮੇਸ਼ਾ ਰਹਿਣਗੇ.. ਸਾਨੂੰ ਉਨ੍ਹਾਂ ਤੋਂ ਕੋਈ ਨਹੀਂ ਬਚਾ ਸਕਦਾ।

ਤਰੁਣ: ਅਜਿਹਾ ਹੀ ਲੱਗਦਾ ਏ।

ਰਾਕੇਸ਼: ਪਰ ਇਸ ਵਿਚ ਕੋਈ ਸ਼ੱਕ ਨਹੀਂ ਕਿ ਅਸੀਂ ਕੂੜਾ ਸਥਾਨ ਨੂੰ ਹੋਰ ਵਧੀਆ ਤੇ ਪਰਿਆਵਰਣੀ ਮਿੱਤਰ ਬਣਾ ਸਕਦੇ ਹਾਂ। ਵੈਸੇ ਵੀ ਵੱਡੇ-ਵੱਡੇ ਮੈਦਾਨਾਂ ਨੂੰ ਕੂੜਾ ਸਥਾਨ ਬਣਾਉਣ ਦੀ ਕੋਈ ਉਚਿਤਤਾ ਨਹੀਂ। ਪ੍ਰਸ਼ਾਸ਼ਨ ਨੂੰ ਹੋਰ ਜ਼ਿਆਦਾ ਸਚੇਤ ਹੋਣਾ ਪਏਗਾ।

ਸ਼ਾਂਤਾ: ਪੰਜਾਬ ਦੇ ਸ਼ਹਿਰਾਂ ਵਿੱਚ ਵੀ ਕੂੜਾ ਤਾਂ ਬਹੁਤ ਜਿਆਦਾ ਪੈਫ਼ਦਾ ਹੁੰਦਾ ਹੋਵੇਗਾ ?

ਰਾਕੇਸ਼: ਪੰਜਾਬ ਵਿੱਚ 16,70,123 ਮੀਟਰਿਕ ਟਨ ਕੂੜਾ ਪੈਦਾ ਹੁੰਦਾ ਹੈ ਜਿਸ ਵਿੱਚੋਂ ਲੁਧਿਆਣਾ ਵਿੱਚ 4,47,131 ਮੀ.ਟ., ਅੰਮ੍ਰਿਤਸਰ ਵਿੱਚ 2,44,550 ਤੇ ਜਲੰਧਰ ਵਿਖੇ 2,12,800 ਮੀ.ਟ. ਕੂੜਾ ਪੈਦਾ ਹੁੰਦਾ ਹੈ ।

ਤਰੁਣ: ਇਸਦੇ ਨਿਪਟਾਰੇ ਦਾ ਪ੍ਰਬੰਧ ?

ਰਾਕੇਸ਼ : ਇਸ ਵਿੱਚੋਂ 1861.5 ਮੀ.ਟ. ਦਾ ਨਿਪਟਾਰਾ ਹੁੰਦਾ ਹੈ ਬਾਕੀ ਲੁਧਿਆਣਾ ਵਿੱਚ ਆਲਮਗੀਰ ਵਰਗੀਆਂ ਥਾਵਾਂ ‘ਤੇ ਇਸੇ ਤਰ੍ਹਾਂ ਕੂੜਾ ਸਥਾਨਾਂ ਤੇ ਪਿਆ ਰਹਿੰਦਾ ਹੈ । ਪਿੱਛੇ ਜਿਹੇ ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਨੇ ਪੰਜਾਬ ਨੂੰ ਅੱਠ ਖੇਤਰਾਂ ਵਿੱਚ ਵੰਡ ਕੇ ਇਸਦੇ ਨਿਪਟਾਰੇ ਵਾਸਤੇ ਕੁੱਝ ਫਰਮਾਂ ਨਾਲ ਠੇਕੇ ਕੀਤੇ ਹਨ!

ਹਰਜੀਤ: ਮੈਂ ਕਦੇ-ਕਦੇ ਸੋਚਦਾ ਹਾਂ ਕਿ ਜੇਕਰ ਅਸੀਂ ਕੂੜੇ ਨੂੰ ਆਪਣੇ ਘਰ ਤੋਂ ਬਹੁਤ ਦੂਰ ਲੈ ਜਾ ਸਕੀਏ…! ਮਤਲਬ ਬ੍ਰਹਿਮੰਡ ਵਿਚ.. ਕੀ ਅਜਿਹਾ ਸੰਭਵ ਹੈ?

ਰਾਕੇਸ਼: ਸੁਝਾਅ ਚੰਗਾ ਹੈ ਪਰ ਇਸ ਵਿਚ ਦੋ ਸਮੱਸਿਆਵਾਂ ਹਨ… ਇਕ ਤਾਂ ਅਸੀਂ ਬਹੁਤ ਜ਼ਿਆਦਾ ਕੂੜਾ ਪੈਦਾ ਕਰਦੇ ਹਾਂ… ਅਤੇ ਦੂਜਾ ਰਾਕੇਟ ਲਾਂਚ ਕਰਨਾ ਮਹਿੰਗਾ ਸੌਦਾ ਹੈ…!

ਹਰਜੀਤ: (ਹੱਸਦੇ ਹੋਏ): ਤਾਂ ਇਸ ਨਾਲ ਵੀ ਕੋਈ ਫਾਇਦਾ ਨਹੀਂ ਹੋਵੇਗਾ..।

ਰਾਕੇਸ਼: ਜੇਕਰ ਰਾਕੇਟ ਬਣਾਉਣ ਵਾਲੇ ਇੰਜੀਨੀਅਰ ਇਸ ‘ਤੇ ਖਰਚ ਹੋਣ ਵਾਲੀ ਰਕਮ ਨੂੰ ਦਸ ਗੁਣਾ ਘੱਟ ਕਰ ਦੇਣ ਤਾਂ ਵੀ ਕੂੜੇ ਨੂੰ ਬ੍ਰਹਿਮੰਡ ਵਿਚ ਸੁੱਟਣ ‘ਤੇ ਹਜ਼ਾਰਾਂ ਡਾਲਰ ਦਾ ਖਰਚ ਆਵੇਗਾ…!

ਸ਼ਾਂਤਾ: ਇਸ ਤਰ੍ਹਾਂ ਦੇ ਖਿਆਲੀ ਤਰੀਕਿਆਂ ‘ਤੇ ਗੱਲ ਕਰਨਾ ਬੇਕਾਰ ਹੈ। ਸਾਨੂੰ ਹਕੀਕਤ ਨੂੰ ਧਿਆਨ ਵਿਚ ਰੱਖਦੇ ਹੋਏ ਸਮੱਸਿਆ ਦਾ ਹੱਲ ਲੱਭਣਾ ਚਾਹੀਦਾ ਹੈ।

ਹਰਜੀਤ: ਇਸ ਦਾ ਮਤਲਬ ਹੈ ਬਸ! ਇਕ ਹੀ ਰਸਤਾ ਕੂੜਾ ਘੱਟ ਤੋਂ ਘੱਟ ਪੈਦਾ ਕਰੀਏ।

ਸ਼ਾਂਤਾ: ਅਸੀਂ ਵਰਤੋਂ ਕੀਤੀਆਂ ਹੋਈਆਂ ਚੀਜ਼ਾਂ ਦੀ ਮੁੜ ਵਰਤੋਂ ਬਾਰੇ ਕਿੰਨਾ ਸੁਣਦੇ ਹਾਂ.. ਪੜ੍ਹਦੇ ਹਾਂ… ਕੀ ਇਸ ਨਾਲ ਕੋਈ ਮੱਦਦ ਮਿਲੇਗੀ ?

ਰਾਕੇਸ਼: ਇਸ ਤੋਂ ਬਹੁਤ ਮੱਦਦ ਮਿਲੇਗੀ…! ਜਿਵੇਂ ਜੇ ਵਰਤੇ ਹੋਏ ਕਾਗਜ਼ ਤੋਂ ਨਵਾਂ ਕਾਗਜ਼ ਬਣਾਇਆ ਜਾਏ ਤਾਂ ਇਹ ਕੱਚੇ ਮਾਲ ਨਾਲ ਬਣੇ ਕਾਗਜ਼ ਦੇ ਮੁਕਾਬਲੇ 73% ਘੱਟ ਹਵਾ ਪ੍ਰਦੂਸ਼ਣ ਫੈਲਾਉਂਦਾ ਹੈ।

ਹਰਜੀਤ: ਸੱਚੀਂ!

**ਰਾਕੇਸ਼:** ਹਾਂ! ਹੋਰ ਸੁਣੋ.. ਜਿਵੇਂ ਇਕ ਵਰਤੀ ਹੋਈ ਪਲਾਸਟਿਕ ਬੋਤਲ ਤੋਂ ਜੇਕਰ ਨਵੀਂ ਬੋਤਲ ਤਿਆਰ ਕੀਤੀ ਜਾਵੇ ਤਾਂ ਜੋ ਊਰਜਾ ਬਚੇਗੀ ਉਸ ਨਾਲ ਲਗਭਗ 3 ਘੰਟੇ ਤੱਕ ਇਕ ਬਲਬ ਜਗਾਇਆ ਜਾ ਸਕਦਾ ਹੈ।

**ਹਰਜੀਤ:** ਬਹੁਤ ਰੌਚਕ ਹੈ ਇਹ ਤਾਂ।

**ਰਾਕੇਸ਼:** ਇਕ ਟੁੱਟੀ ਹੋਈ ਕੱਚ ਦੀ ਬੋਤਲ ਤੋਂ ਜੇਕਰ ਨਵੀਂ ਬੋਤਲ ਬਣਾਈ ਜਾਵੇ ਤਾਂ ਉਸ ਨਾਲ ਬਚਣ ਵਾਲੀ ਊਰਜਾ ਨਾਲ ਘੱਟੋ ਘੱਟ 25 ਮਿੰਟ ਤੱਕ ਕੰਪਿਊਟਰ ਚਲਾਇਆ ਜਾ ਸਕਦਾ ਹੈ।

**ਤਰੁਣ:** ਤਾਂ ਫਿਰ ਅਸੀਂ ਹਰ ਚੀਜ਼ ਦਾ ਪੁਨਰ ਚਕਰੀਕਰਨ ਕਿਉਂ ਨਹੀਂ ਕਰਦੇ?

**ਰਾਕੇਸ਼:** ਅਸਲ ਵਿਚ ਹੋਣਾ ਤਾਂ ਇਹੀ ਚਾਹੀਦਾ ਹੈ ਪਰ ਇਸ ਗੱਲ 'ਤੇ ਲਗਾਤਾਰ ਬਹਿਸ ਚੱਲ ਰਹੀ ਏ ਕਿ ਕੀ ਇਸ ਵਿਕਲਪ 'ਤੇ ਹੋ ਰਿਹਾ ਖਰਚ ਇਸ ਨਾਲ ਹੋਣ ਵਾਲੇ ਫਾਇਦੇ ਤੋਂ ਜ਼ਿਆਦਾ ਹੋਵੇਗਾ ਜਾਂ ਘੱਟ?

**ਸ਼ਾਂਤਾ:** ਤਾਂ ਫੈਸਲਾ ਕੀ ਹੋਇਆ?

**ਰਾਕੇਸ਼:** ਫੈਸਲਾ ਹੁਣ ਵੀ ਵਰਤੋਂ ਕੀਤੀਆਂ ਚੀਜ਼ਾਂ ਤੋਂ ਨਵੀਆਂ ਚੀਜ਼ਾਂ ਬਣਾਉਣ ਦੇ ਪੱਖ ਵਿਚ ਹੀ ਹੈ ਪਰ ਇਸ ਨਾਲੋਂ ਵਧੀਆ ਇਕ ਹੋਰ ਵੀ ਤਰੀਕਾ ਹੈ।

**ਤਰੁਣ:** ਮੈਨੂੰ ਤਾਂ ਲੱਗਿਆ ਕਿ ਕੇਵਲ ਇਹੀ ਤਰੀਕਾ ਹੀ ਹੈ ਬਸ!

**ਰਾਕੇਸ਼:** ਨਹੀਂ, ਅਜਿਹਾ ਨਹੀਂ.. ਵਰਤੋਂ ਕੀਤੀਆਂ ਗਈਆਂ ਚੀਜ਼ਾਂ ਨੂੰ ਪਹਿਲਾਂ ਮੁੜ ਵਰਤੋ ! ਇਸ ਦੀ ਸ਼ੁਰੂਆਤ ਹੋਣੀ ਚਾਹੀਦੀ ਏ ਨਿਰਮਾਨ ਸਮੇ ਹੀ... ਅਸੀਂ ਅਜਿਹੇ ਡੱਬੇ, ਬੋਤਲਾਂ ਬਣਾਈਏ ਜਿਹੜੇ ਵਾਰ-ਵਾਰ ਵਰਤੇ ਜਾ ਸਕਦੇ ਹੋਣ। ਵਾਰ-ਵਾਰ ਵਰਤਣ ਵਾਸਤੇ ਖਰਚ ਕੇਵਲ ਉਨ੍ਹਾਂ ਨੂੰ ਸਾਫ਼ ਕਰਨ ਦੇ ਲਈ ਵਰਤੇ ਜਾਣ ਵਾਲੇ ਸਾਬਣ ਅਤੇ ਪਾਣੀ ਦੀ ਕੀਮਤ ਦੇ ਬਰਾਬਰ ਹੀ ਹੋਵੇਗਾ... ਨਾ ਕਿ ਪਦਾਰਥਾਂ ਨੂੰ ਚੁਣਨ, ਪਿਘਲਾਉਣ ਅਤੇ ਦੁਬਾਰਾ ਉਸੇ ਢਾਂਚੇ ਵਿਚ ਪਾ ਕੇ ਢਾਲਣ 'ਤੇ ਹੋਣ ਵਾਲੇ ਖਰਚ ਜਿੰਨਾ।ਸ੍ਰੋਤ ਵੀ ਬਚਣਗੇ !

**ਸ਼ਾਂਤਾ:** ਉਹ ਤਾਂ ਅਸੀਂ ਹੁਣ ਵੀ ਕਰ ਰਹੇ ਹਾਂ ਸਰ...! ਇਸ ਵਿਚ ਅਨੋਖਾ ਕੀ ਏ?

**ਰਾਕੇਸ਼:** ਕੁਝ ਵੀ ਨਹੀਂ...! ਪਰ ਸਾਨੂੰ ਇਹ ਚੰਗੀ ਆਦਤ ਹਰ ਕਿਸੇ ਨੂੰ ਸਿਖਾਉਣੀ ਹੋਵੇਗੀ...! ਖ਼ਾਸ ਤੌਰ 'ਤੇ ਉਨ੍ਹਾਂ ਨੂੰ ਜਿਹੜੇ ਇਕ ਵਾਰ ਵਰਤੋਂ ਕਰਨ ਦੇ ਬਾਅਦ ਚੀਜ਼ਾਂ ਨੂੰ ਕੂੜੇਦਾਨ ਵਿਚ ਸੁੱਟ ਦਿੰਦੇ ਹਨ।

**ਸ਼ਾਂਤਾ:** ਤਾਂ ਇਹ ਏ ਕੂੜਾ ਘੱਟ ਕਰਨ ਦਾ ਸਭ ਤੋਂ ਵਧੀਆ ਤਰੀਕਾ...!

**ਰਾਕੇਸ਼:** ਅਤੇ ਕੂੜਾ ਸਥਾਨਾਂ ਦੀ ਸੰਖਿਆ ਘੱਟ ਕਰਨ ਦਾ ਵੀ ਸਭ ਤੋਂ ਚੰਗਾ ਤਰੀਕਾ ।

**ਸ਼ਾਂਤਾ:** ਹੁਣ ਬਹੁਤ ਦੇਰ ਹੋ ਰਹੀ ਏ... ! ਚੱਲੋ , ਚਲੀਏ ! ਕੱਲ੍ਹ ਤੋਂ ਕਰਾਂਗੇ ਸ਼ੁਰੂ ਇੱਕ ਮੁਹਿੰਮ ਇਕ ਚੰਗੀ ਆਦਤ ਲੋਕਾਂ ਨੂੰ ਸਿਖਾਉਣ ਅਤੇ ਉਨ੍ਹਾਂ ਤੱਕ ਇਹ ਜ਼ਰੂਰੀ ਜਾਣਕਾਰੀ ਪਹੁੰਚਾਉਣ ਦੀ !

**(ਸਾਰੇ ਹੱਸਣ ਲੱਗਦੇ ਹਨ.. ਸੰਗੀਤ ਹੌਲੀ-ਹੌਲੀ ਖ਼ਤਮ ਹੋ ਜਾਂਦਾ ਹੈ)**

**ਸਮਾਪਤ**

**ਪ੍ਰਸ਼ਨ**

**ਪ੍ਰਸ਼ਨ** 1: ਕੂੜੇ ਦੇ ਨਿਪਟਾਰੇ ਦੀ ਲੀਚੇਟ ਵਿਧੀ ਦਾ ਨਿਯਮ ਕੀ  ਹੈ ?

ਉੱਤਰ: ਇਸ ਵਿੱਚ ਬਾਰਸ਼ ਵੇਲੇ ਕੁਦਰਤੀ ਤੌਰ ਤੇ ਕੂੜੇ ਦੇ ਹੋਏ ਵਿਘਟਣ ਵਿੱਚੋਂ ਨਿਕਲੇ ਤਰਲ ਪਦਾਰਥ ਨੂੰ ਸੰਗ੍ਰਹਿ ਕਰਕੇ, ਸੁੱਕੇ ਕੂੜੇ ਦੇ ਵਿਘਟਣ ਵਾਸਤੇ ਵਰਤਦੇ ਨੇ !

**ਪ੍ਰਸ਼ਨ** 2: ਕੂੜਾ ਘਟਾਉਣ ਦੀ ਸੱਭ ਤੋਂ ਕਾਰਗਰ ਵਿਧੀ ਕੀ ਹੈ ?

ਉਤਰ: ਵਸਤੂਆਂ ਦੀ ਕੇਵਲ ਲੋੜ ਅਨੁਸਾਰ ਘੱਟ ਤੋਂ ਘੱਟ ਵਰਤੋਂ, ਵਰਤੀਆਂ ਵਸਤਾਂ ਦੀ ਮੁੜ-ਮੁੜ ਵਰਤੋਂ, ਨਕਾਰਾ ਹੋਈਆਂ ਵਸਤਾਂ ਦਾ ਪੁਨਰ ਚਕਰੀਕਰਨ ਕਰਕੇ ਵਰਤੋਂ !